Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 229, ਮਿਤੀ : 07 ਦਸੰਬਰ 2023 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਅਮਰੀਕਾ ਦਾ ਇਲਜ਼ਾਮ-ਨਿਊਯਾਰਕ ’ਚ ਹੋਣਾ ਸੀ ਸਿੱਖ ਵੱਖਵਾਦੀ ਆਗੂ ਦਾ ਕਤਲ

## ਸਾਜ਼ਿਸ਼ ਰਚਣ ਲਈ ਇੱਕ ਭਾਰਤੀ ਅਧਿਕਾਰੀ ਵੱਲ ਕੀਤਾ ਇਸ਼ਾਰਾ



### ਵ੍ਹਾਈਟ ਹਾਊਸ ਨੇ ਕੀ ਕਿਹਾ

ਦੋਸ਼ ਪੱਤਰ ਅਦਾਲਤ ਵਿੱਚ ਖੁੱਲ੍ਹਣ ਤੋਂ ਫ਼ੌਰਨ ਮਗਰੋਂ, ਵ੍ਹਾਈਟ ਹਾਊਸ ਨੇ ਕਿਹਾ ਕਿ ਸਭ ਤੋਂ ਸੀਨੀਅਰ ਪੱਧਰ ’ਤੇ ਭਾਰਤ ਸਰਕਾਰ ਕੋਲ ਇਹ ਮੁੱਦਾ ਉਠਾਇਆ ਹੈ।ਵ੍ਹਾਈਟ ਹਾਊਸ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਭਾਰਤੀ ਅਧਿਕਾਰੀਆਂ ਨੇ ਇਸ ’ਤੇ ਹੈਰਾਨੀ ਅਤੇ ਚਿੰਤਾ ਜ਼ਾਹਰ ਕੀਤੀ ਸੀ।ਅਮਰੀਕੀ ਅਟਾਰਨੀ ਡੈਮਿਅਨ ਵਿਲੀਅਮਜ਼ ਨੇ ਕਿਹਾ, ਮੁਲਜ਼ਮ ਨੇ ਭਾਰਤ ਤੋਂ, ਇੱਥੇ ਨਿਊਯਾਰਕ ਸ਼ਹਿਰ ਵਿੱਚ, ਭਾਰਤੀ ਮੂਲ ਦੇ ਇੱਕ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜ਼ਿਸ਼ ਰਚੀ, ਜਿਸ ਨੇ ਖੁੱਲ੍ਹੇਆਮ ਸਿੱਖਾਂ ਲਈ ਇੱਕ ਪ੍ਰਭੂਸੱਤਾ ਸੰਪੰਨ ਰਾਜ ਕਾਇਮ ਕਰਨ ਦੀ ਵਕਾਲਤ ਕੀਤੀ ਹੈ।ਉਨ੍ਹਾਂ ਨੇ ਕਿਹਾ ਕਿ ਅਸੀਂ ਅਮਰੀਕਾ ਦੀ ਧਰਤੀ ’ਤੇ ਅਮਰੀਕੀ ਨਾਗਰਿਕਾਂ ਦੇ ਕਤਲ ਦੀਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕਰਾਂਗੇ।ਭਾਰਤ ਵਿੱਚ ਸਿੱਖ ਇੱਕ ਧਾਰਮਿਕ ਘੱਟ ਗਿਣਤੀ ਹਨ ਜੋ ਭਾਰਤ ਦੀ ਆਬਾਦੀ ਦਾ ਲਗਭਗ 2% ਹੀ ਹਨ। ਕੁਝ ਸਿੱਖ ਹਲਕਿਆਂ ਵੱਲੋਂ ਲੰਬੇ ਸਮੇਂ ਤੋਂ ਸਿੱਖਾਂ ਲਈ ਵੱਖਰੇ ਹੋਮਲੈਂਡ ਦੀ ਮੰਗ ਕੀਤੀ ਜਾਂਦੀ ਰਹੀ ਹੈ।ਭਾਰਤ ਸਰਕਾਰ ਨੇ ਅਕਸਰ ਪੱਛਮੀ ਦੇਸ਼ਾਂ ਵਿੱਚ ਸਿੱਖ ਵੱਖਵਾਦੀਆਂ ਵੱਲੋਂ ਖਾਲਿਸਤਾਨ ਜਾਂ ਵੱਖਰੇ ਸਿੱਖ ਹੋਮਲੈਂਡ ਦੀ ਮੰਗ ’ਤੇ ਤਿੱਖੀ ਇਤਰਾਜ਼ ਜਾਹਰ ਕੀਤਾ ਹੈ।ਖ਼ਬਰ ਏਜੰਸੀ ਰਾਇਟਰਜ਼ ਮੁਤਾਬਕ ਵਾਸ਼ਿੰਗਟਨ ਸਥਿਤ ਭਾਰਤੀ ਦੂਤਾਵਾਸ ਨੇ ਇਸ ਮਾਮਲੇ ’ਚ ਪੁੱਛੇ ਗਏ ਸਵਾਲਾਂ ’ਤੇ ਹਾਲੇ ਤੱਕ ਕੋਈ ਟਿੱਪਣੀ ਨਹੀਂ ਕੀਤੀ।

ਅਮਰੀਕਾ ਦਾ ਦਾਅਵਾ ਹੈ ਕਿ ਉਸ ਨੇ ਨਿਊਯਾਰਕ ਵਿੱਚ ਰਹਿਣ ਵਾਲੇ ਸਿੱਖ ਵੱਖਵਾਦੀ, ਜੋ ਕਿ ਇੱਕ ਅਮਰੀਕੀ ਨਾਗਰਿਕ ਦੇ ਕਤਲ ਦੀ ਕਥਿਤ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਬੁੱਧਵਾਰ ਨੂੰ ਇਸ ਸੰਬੰਧ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ ’ਤੇ ਇਲਜ਼ਾਮ ਲਾਇਆ ਗਿਆ ਸੀ। ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿੱਚ ਕਿਹਾ ਗਿਆ ਕਿ ਨਿਖਿਲ ਗੁਪਤਾ ਨੂੰ ਅਜਿਹਾ ਕਰਨ ਲਈ ਕਿਸੇ ਭਾਰਤੀ ਅਧਿਕਾਰੀ ਨੇ ਹੁਕਮ ਦਿੱਤੇ ਸਨ। ਉਸ ’ਤੇ ਸਾਜ਼ਿਸ਼ ਮੁਤਾਬਕ ਫਿਰੌਤੀ ਲੈ ਕੇ ਕਤਲ ਕਰਨ ਦੇ ਇਲਜ਼ਾਮ ਲਾਏ ਗਏ ਹਨ। ਸਰਕਾਰੀ ਵਕੀਲਾਂ ਨੇ ਕਿਹਾ ਕਿ ਸਾਜਿਸ਼ ਭਾਰਤ ਵਿੱਚ ਰਚੀ ਗਈ ਸੀ।ਅਦਾਲਤ ਦੇ ਦਸਤਾਵੇਜ਼ਾਂ ਵਿੱਚ ਹਾਲਾਂਕਿ ਉਸ ਕਥਿਤ ਸਿੱਖ ਵੱਖਵਾਦੀ ਦਾ ਨਾਮ ਜ਼ਾਹਰ ਨਹੀਂ ਕੀਤਾ ਗਿਆ ਹੈ ਜਿਸ ਦਾ ਕਤਲ ਕੀਤਾ ਜਾਣਾ ਸੀ।ਪਰ ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿੱਚ ਕਿਹਾ ਗਿਆ ਹੈ ਕਿ ਜਿਸ ਵਿਅਕਤੀ ਨੂੰ ਨਿਸ਼ਾਨਾ ਬਣਾਇਆ ਜਾਣਾ ਸੀ ਉਹ ਹਰਦੀਪ ਸਿੰਘ ਨਿੱਝਰ ਦਾ ਸਾਥੀ ਸੀ। ਜ਼ਿਕਰਯੋਗ ਹੈ ਨਿੱਝਰ ਦਾ ਕੈਨੇਡਾ ਵਿੱਚ 18 ਜੂਨ ਨੂੰ ਕਤਲ ਕਰ ਦਿੱਤਾ ਗਿਆ ਸੀ।

ਹਾਲਾਂਕਿ, ਭਾਰਤ ਸਰਕਾਰ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਕਤਲ ਦੀ ਸਾਜਿਸ਼ ਦੇ ਸੰਬੰਧ ਵਿੱਚ ਅਮਰੀਕੀ ਸਰਕਾਰ ਵੱਲੋਂ ਦੱਸੇ ਗਏ ਖਦਸ਼ਿਆਂ ਬਾਰੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

**ਕਿਵੇਂ ਦੇਣਾ ਸੀ ‘ਸਾਜ਼ਿਸ਼’ ਨੂੰ ਅੰਜਾਮ**

ਇਲਜ਼ਾਮ ਮੁਤਾਬਕ, ਨਿਖਿਲ ਨੂੰ ਮਈ ਵਿੱਚ ਕਤਲ ਦੀ ਇਸ ਕਥਿਤ ਸਾਜਿਸ਼ ਲਈ ਇੱਕ ਭਾਰਤੀ ਅਧਿਕਾਰੀ ਵੱਲੋਂ ਚੁਣਿਆ ਗਿਆ ਸੀ। ਉਸ ਤੋਂ ਪਹਿਲਾਂ ਉਨ੍ਹਾਂ ਦੇ ਕੌਮਾਂਤਰੀ ਪੱਧਰ ’ਤੇ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਸਬੂਤ ਮਿਲੇ ਸਨ।ਇਲਜ਼ਾਮ ਹੈ ਕਿ ਅਧਿਕਾਰੀ ਨੇ ਨਿਖਿਲ ਨੂੰ ਸੰਭਾਵੀ ਕਤਲ ਦੀਆਂ ਯੋਜਨਾਵਾਂ ਬਾਰੇ ਅਮਰੀਕਾ ਵਿੱਚ ਇੱਕ ਸਹਿਯੋਗੀ ਨਾਲ ਸੰਪਰਕ ਕਰਨ ਲਈ ਕਿਹਾ ਸੀ। ਦੋਸ਼ ਪੱਤਰ ਵਿੱਚ ਕਿਹਾ ਗਿਆ ਹੈ ਕਿ ਗੁਪਤਾ, ਨੇ ਇੱਕ ਹਿੱਟਮੈਨ ਨੂੰ ਮਿਲਣਾ ਸੀ ਜਿਸ ਨੇ ਨਿਊਯਾਰਕ ਸ਼ਹਿਰ ਵਿੱਚ ਉਸ ਦੇ ਨਿਸ਼ਾਨੇ ਨੂੰ ਕਤਲ ਕਰਨਾ ਸੀ, ਜੋ ਕਿ ਇੱਕ ਸਿੱਖ ਵੱਖਵਾਦੀ ਸੀ।ਇਸ ਦੇ ਨਾਲ ਅਦਾਲਤੀ ਦਸਤਾਵੇਜ਼ਾਂ ਵਿੱਚ ਕਿਹਾ ਗਿਆ ਹੈ ਕਿ, ਸਰੋਤ ਨੇ ਨਿਖਿਲ ਦੀ ਮੁਲਾਕਾਤ ਇੱਕ ਗੁਪਤ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਨਾਲ ਕਰਵਾਈ ਜਿਸ ਨੇ ਕਿਹਾ ਕਿ ਉਹ ਇੱਕ ਲੱਖ ਅਮਰੀਕੀ ਡਾਲਰ ਬਦਲੇ ਇਹ ਕੰਮ ਦੇਵੇਗਾ।ਇਲਜ਼ਾਮ ਲਾਇਆ ਗਿਆ ਹੈ ਕਿ ਨਿਖਿਲ ਗੁਪਤਾ ਨੇ 9 ਜੂਨ ਨੂੰ ਇੱਕ ਸਹਿਯੋਗੀ ਰਾਹੀਂ 15,000 ਅਮਰੀਕੀ ਡਾਲਰਾਂ ਦਾ ਭੁਗਤਾਨ ਕੀਤਾ।ਪੇਸ਼ ਕੀਤੇ ਗਏ ਦਸਤਾਵੇਜ਼ਾਂ ਮੁਤਾਬਕ ਗੁਪਤਾ ਨੇ ਭਾਰਤੀ ਅਧਿਕਾਰੀ ਨੂੰ ਇੱਕ ਟੈਕਸਟ ਮੈਸੇਜ ਕੀਤਾ ਸੀ ਜਿਸ ਵਿੱਚ ਲਿਖਿਆ ਸੀ, ਅਸੀਂ ਸਾਡੇ ਟਾਰਗੇਟ ਨੂੰ ਹਿੱਟ ਕਰਾਂਗੇ। ਇੰਨਾਂ ਹੀ ਨਹੀਂ ਇਹ ਵੀ ਇਲਜ਼ਾਮ ਹੈ ਕਿ ਕੈਨੇਡਾ ਵਿੱਚ ਜੂਨ ਵਿੱਚ ਹੋਏ ਨਿੱਝਰ ਦੇ ਕਤਲ ਤੋਂ ਗੁਪਤਾ ਨੂੰ ਭਾਰਤੀ ਅਧਿਕਾਰੀ ਵਲੋਂ ਕਥਿਤ ਤੌਰ ’ਤੇ ਇੱਕ ਵੀਡੀਓ ਭੇਜੀ ਗਈ ਸੀ, ਜਿਸ ਵਿੱਚ ਖ਼ੂਨ ਨਾਲ ਲੱਥਪਥ ਨਿੱਝਰ ਦੀ ਮ੍ਰਿਤਕ ਦੇਹ ਉਸ ਦੀ ਗੱਡੀ ਵਿੱਚ ਪਈ ਦੇਖੀ ਜਾ ਸਕਦੀ ਸੀ।

ਇਲਜ਼ਾਮ ਹੈ ਕਿ ਵੀਡੀਓ ਭੇਜਣ ਤੋਂ ਬਾਅਦ ਭਾਰਤੀ ਅਧਿਕਾਰੀ ਨੇ ਗੁਪਤਾ ਨੂੰ ਉਨ੍ਹਾਂ ਦੇ ਅਮਰੀਕਾ ਵਾਸੀ ਟਾਰਗੇਟ ਦਾ ਰਿਹਾਇਸ਼ੀ ਪਤਾ ਭੇਜਿਆ ਸੀ।ਚੈੱਕ ਗਣਰਾਜ ਦੇ ਅਧਿਕਾਰੀਆਂ ਨੇ ਗੁਪਤਾ ਨੂੰ 30 ਜੂਨ ਅਮਰੀਕੀ ਪ੍ਰੌਸੀਕਿਊਟਰਾਂ ਵੱਲੋਂ ਮੁੱਢਲੇ ਇਲਜ਼ਾਮ ਜਾਰੀ ਕੀਤੇ ਜਾਣ ਮਗਰੋਂ ਗ੍ਰਿਫ਼ਤਾਰ ਕੀਤਾ ਸੀ। ਅਦਾਲਤ ਦੇ ਦਸਤਾਵੇਜ਼ਾਂ ਮੁਤਾਬਕ, ਉਸ ਨੂੰ ਅਜੇ ਵੀ ਅਮਰੀਕਾ ਦੀ ਬੇਨਤੀ ’ਤੇ ਨਜ਼ਰਬੰਦ ਕੀਤਾ ਗਿਆ ਹੈ।ਹਾਲਾਂਕਿ ਦਸਤਾਵੇਜ਼ਾਂ ਵਿੱਚ ਕਥਿਤ ਕਤਲ ਦੀ ਸਾਜ਼ਿਸ਼ ਦੇ ਨਿਸ਼ਾਨੇ ਦਾ ਨਾਮ ਨਹੀਂ ਲਿਆ ਗਿਆ ਪਰ ਅਮਰੀਕੀ ਅਧਿਕਾਰੀਆਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਉਹ ਇੱਕ ਸਿੱਖ ਵੱਖਵਾਦੀ ਸਮੂਹ ਦਾ ਕੋਈ ਅਮਰੀਕੀ ਨੇਤਾ ਸੀ।ਜ਼ਿਕਰਯੋਗ ਹੈ ਕਿ ਭਾਰਤ ਵਿੱਚ ਘੱਟ-ਗਿਣਤੀ ਭਾਈਚਾਰਾ ਸਿੱਖ ਦੇਸ਼ ਦੀ ਕੁੱਲ ਆਬਾਦੀ ਦਾ ਕਰੀਬ 2 ਫ਼ੀਸਦ ਹੈ। ਬੀਤੇ ਸਮੇਂ ਵਿੱਚ ਕਈ ਵਾਰ ਅਜਿਹਾ ਹੋਇਆ ਕਿ ਪੱਛਮੀ ਧਰਤੀ ਉੱਤੇ ਸਿੱਖਾਂ ਲਈ ਵੱਖਰੇ ਖਿੱਤੇ ‘ਖਾਲਿਸਤਾਨ’ ਦੀ ਮੰਗ ਉੱਠੀ ਪਰ ਇਸ ਉੱਤੇ ਭਾਰਤ ਸਰਕਾਰ ਵਲੋਂ ਤਿੱਖ਼ੀ ਪ੍ਰਤੀਕਿਰਿਆ ਵੀ ਆਉਂਦੀ ਰਹੀ ਹੈ।



**ਭਾਰਤੀ ਵਿਦੇਸ਼ ਮੰਤਰਾਲੇ ਨੇ ਕੀ ਕਿਹਾ ?**

ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਬੁੱਧਵਾਰ ਨੂੰ ਅਮਰੀਕੀ ਧਰਤੀ ’ਤੇ ਇੱਕ ਸਿੱਖ ਵੱਖਵਾਦੀ ਨੂੰ ਮਾਰਨ ਦੀ ਸਾਜ਼ਿਸ਼ ਦੇ ਦਾਅਵਿਆਂ ’ਤੇ ਪ੍ਰਤੀਕਿਰਿਆ ਦਿੱਤੀ ਹੈ।ਉਨ੍ਹਾਂ ਦੱਸਿਆ ਕਿ ਭਾਰਤ ਨੇ ਇਸ ਮਾਮਲੇ ਵਿੱਚ ਉੱਚ ਪੱਧਰੀ ਜਾਂਚ ਕਮੇਟੀ ਦਾ ਗਠਨ ਕੀਤਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਬਾਗਚੀ ਨੇ ਕਿਹਾ, ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਦੁਵੱਲੇ ਸੁਰੱਖਿਆ ਸਹਿਯੋਗ ’ਤੇ ਚਰਚਾ ਦੌਰਾਨ ਅਸੀਂ ਸੰਗਠਿਤ ਅਪਰਾਧ, ਬੰਦੂਕ ਚਲਾਉਣ ਵਾਲਿਆਂ ਅਤੇ ਅੱਤਵਾਦੀਆਂ ਅਤੇ ਹੋਰਾਂ ਬਾਰੇ ਅਮਰੀਕਾ ਨਾਲ ਕੁਝ ਜਾਣਕਾਰੀ ਸਾਂਝੀ ਕੀਤੀ ਸੀ।

ਅਸੀਂ ਇਹ ਵੀ ਸੰਕੇਤ ਦਿੱਤਾ ਹੈ ਕਿ ਭਾਰਤ ਅਜਿਹੇ ਇਨਪੁਟ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ ਕਿਉਂਕਿ ਇਹ ਸਾਡੇ ਕੌਮੀ ਸੁਰੱਖਿਆ ਹਿੱਤਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਸਬੰਧਤ ਵਿਭਾਗ ਪਹਿਲਾਂ ਹੀ ਇਸਦੀ ਜਾਂਚ ਕਰ ਰਹੇ ਹਨ।ਉਨ੍ਹਾਂ ਕਿਹਾ, ਇਸ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ 18 ਨਵੰਬਰ ਨੂੰ ਭਾਰਤ ਸਰਕਾਰ ਨੇ ਇਸ ਮੁੱਦੇ ਨਾਲ ਸਬੰਧਤ ਸਾਰੇ ਪਹਿਲੂਆਂ ਨੂੰ ਘੋਖਣ ਲਈ ਇੱਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ।

**ਕੈਨੇਡਾ ਵਲੋਂ ਲਾਏ ਗਏ ਇਲਜ਼ਾਮਾਂ ’ਤੇ ਭਾਰਤੀ ਜਵਾਬ ਵੱਖਰਾ ਸੀ**

ਅਮਰੀਕਾ ਅਤੇ ਕੈਨੇਡਾ ਦੇ ਇਲਜ਼ਾਮ ’ਤੇ ਭਾਰਤ ਦੀ ਪ੍ਰਤੀਕਿਰਿਆ ਦਾ ਅੰਦਾਜ ਵੱਖੋ-ਵੱਖਰਾ ਹੈ।ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਸਤੰਬਰ ਨੂੰ ਆਪਣੇ ਦੇਸ਼ ਦੀ ਸੰਸਦ ’ਚ ਇਹ ਮੁੱਦਾ ਚੁੱਕਿਆ ਸੀ ਅਤੇ ਭਾਰਤ ਦੇ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਸਨ। ਭਾਰਤ ਨੇ ਇਨ੍ਹਾਂ ਨੂੰ ‘ਬੇਤੁਕਾ’ ਕਹਿ ਕੇ ਰੱਦ ਕਰ ਦਿੱਤਾ ਸੀ।ਬੁੱਧਵਾਰ ਨੂੰ ਹੋਏ ਅਮਰੀਕੀ ਘਟਨਾਕ੍ਰਮ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਇਸ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਨੂੰ ਉਸ ’ਤੇ ਲੱਗੇ ਇਲਜ਼ਾਮਾਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

**ਭਾਰਤ ਨੇ ਕਿਹਾ ਸੀ ਕਿ ਕੈਨੇਡਾ ਨੇ ਇਸ ਦਾਅਵੇ ਦੇ ਸਮਰਥਨ ’ਚ ਕੋਈ ਸਬੂਤ ਪੇਸ਼ ਨਹੀਂ ਕੀਤੇ ਹਨ।**

ਕੈਨੇਡਾ ਨੇ ਅਜੇ ਤੱਕ ਨਿੱਝਰ ਦੇ ਕਤਲ ਨਾਲ ਜੁੜੇ ਇਲਜ਼ਾਮਾਂ ਦੇ ਸਮਰਥਨ ਵਿੱਚ ਕੋਈ ਵੀ ਸਬੂਤ ਜਨਤਕ ਨਹੀਂ ਕੀਤੇ ਹਨ। ਭਾਰਤੀ ਸੁਰੱਖਿਆ ਏਜੰਸੀਆਂ ਨੇ ਨਿੱਝਰ ਨੂੰ ‘ਅੱਤਵਾਦੀ’ ਕਰਾਰ ਦਿੱਤਾ ਸੀ। ਉਨ੍ਹਾਂ ਨੂੰ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਦੇ ਬਾਹਰ ਕਤਲ ਕਰ ਦਿੱਤਾ ਗਿਆ ਸੀ। ਨਿੱਝਰ ਦੀ ਹੱਤਿਆ ਤੋਂ ਬਾਅਦ ਭਾਰਤ ਅਤੇ ਕੈਨੇਡਾ ਦਰਮਿਆਨ ਕੂਟਨੀਤਕ ਵਿਵਾਦ ਦੇ ਚਲਤਿਆਂ ਭਾਰਤ ਨੇ ਸਤੰਬਰ ਵਿੱਚ ਅਗਲੇ ਨੋਟਿਸ ਤੱਕ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਬੰਦ ਕਰ ਦਿੱਤੀਆਂ ਸਨ।ਹਾਲਾਂਕਿ, ਪਿਛਲੇ ਮਹੀਨੇ, ਭਾਰਤ ਨੇ ਕੈਨੇਡੀਅਨ ਨਾਗਰਿਕਾਂ ਲਈ ਚਾਰ ਸ਼੍ਰੇਣੀਆਂ ਵਿੱਚ ਵੀਜ਼ਾ ਸੇਵਾਵਾਂ ਬਹਾਲ ਕਰ ਦਿੱਤੀਆਂ ਸਨ।26 ਅਕਤੂਬਰ ਤੋਂ, ਭਾਰਤ ਨੇ ਐਂਟਰੀ ਵੀਜ਼ਾ, ਵਪਾਰਕ ਵੀਜ਼ਾ, ਮੈਡੀਕਲ ਵੀਜ਼ਾ ਅਤੇ ਕਾਨਫਰੰਸ ਸ਼੍ਰੇਣੀਆਂ ਵਿੱਚ ਵੀਜ਼ਾ ਸੇਵਾਵਾਂ ਨੂੰ ਬਹਾਲ ਕਰ ਦਿੱਤਾ ਸੀ।ਪਰ ਦੋਵਾਂ ਦੇਸ਼ਾਂ ਦੇ ਸਬੰਧ ਅਜੇ ਤੱਕ ਆਮ ਵਾਂਗ ਨਹੀਂ ਹੋਏ ਹਨ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 228 | Website: www.preetnama.com Email preetnamausa@gmail.com | 01 DEC TO 07 DEC, 2023


# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾ ਪ੍ਰਕਾਸ਼ ਦਿਹਾੜਾ ਗੁਰੁਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਲੌਂਗ ਆਈਲੈਂਡ ਨਿਊਯਾਰਕ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ

## ਭਾਰਤੀ ਰਾਜਦੂਤ ਤਰਨਜੀਤ ਸੰਧੂ ਅਤੇ ਕੋਸ਼ਲ ਜਨਰਲ ਰਣਧੀਰ ਜੈਸਵਾਲ ਇਸ ਵਿਸ਼ੇਸ਼ ਸਮਾਗਮ ਵਿੱਚ ਹੋਏ ਹਾਜ਼ਰ ਅਤੇ ਸੰਗਤਾਂ ਨੂੰ ਦਿੱਤੀ ਵਧਾਈ

**Dyal Singh Vohra Chairman ,Balbeer Singh Pahwa President. Harcharan Singh Gulati General secretary ,Santokh Singh Bajaj cashier, Kulraj Singh secretary ,Ujagar Singh Dawra Langhar incharge , Harbans Singh Vohra PR and all Committee Members welcomed to Indian Ambassador Taranjit Singh Sandhu .**





ਨਿਊਯਾਰਕ: ਅਮਰੀਕਾ ਵਿੱਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਸਿੱਖ ਭਾਈਚਾਰੇ ਨਾਲ ਗੁਰਪੁਰਬ ਮਨਾਉਣ ਲਈ ਗੁਰੂਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਲੋਂਗ ਆਈਲੈਂਡ ਨਿਊਯਾਰਕ ਵਿੱਖੇ ਪਹੁੰਚੇ । ਦਿਆਲ ਸਿੰਘ ਵੋਹਰਾ ਚੇਅਰਮੈਨ, ਬਲਬੀਰ ਸਿੰਘ ਪਾਹਵਾ ਪ੍ਰਧਾਨ, ਹਰਚਰਨ ਸਿੰਘ ਗੁਲਾਟੀ ਜਨਰਲ ਸਕੱਤਰ, ਸੰਤੋਖ ਸਿੰਘ ਬਜਾਜ ਕੈਸ਼ੀਅਰ, ਕੁਲਰਾਜ ਸਿੰਘ ਸੈਕਟਰੀ, ਉਜਾਗਰ ਸਿੰਘ ਦਾਵੜਾ ਲੰਗੜ ਾਂ ਇੰਚਾਰਜ, ਹਰਬੰਸ ਸਿੰਘ ਵੋਹਰਾ ਪੀਆਰਓ ਅਤੇ ਸਮੂਹ ਕਮੇਟੀ ਮੈਂਬਰਾਂ ਨੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਦਾ ਸਵਾਗਤ ਕੀਤਾ। ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਭਾਈਚਾਰੇ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ । ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕੀਤੀ, ਕੀਰਤਨ ਸਰਵਣ ਕੀਤਾ ਅਤੇ ਲੰਗਰ ਵੀ ਛੱਕਿਆਂ । ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਇਕਜੁਟਤਾ, ਏਕਤਾ ਅਤੇ ਸਮਾਨਤਾ ਦੇ ਸਦੀਵੀ ਸੰਦੇਸ਼ ਬਾਰੇ ਗੱਲ ਕੀਤੀ, ਅਤੇ ਸਾਰਿਆਂ ਲਈ ਅਸ਼ੀਰਵਾਦ ਲਿਆ। ਰਾਜਦੂਤ ਨੇ ਆਪਣੇ ਸੰਬੋਧਨ ਵਿੱਚ ਕਿਹਾ, ÷ਅੱਜ ਦਾ ਦਿਨ ਮੇਰੇ ਲਈ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਸਾਹਿਬ ਵਿੱਚ ਆਉਣਾ ਅਤੇ ਇਸ ਸ਼ੁਭ ਦਿਹਾੜੇ @ਤੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਬਹੁਤ ਖਾਸ ਦਿਨ ਹੈ। ਮੈਨੂੰ ਸੱਦਾ ਦੇਣ ਲਈ ਮੈਂ ਗੁਰਦੁਆਰਾ ਪ੍ਰਬੰਧਕਾਂ ਦਾ ਧੰਨਵਾਦੀ ਹਾਂ।÷ ਉਸਨੇ ਅੱਗੇ ਕਿਹਾ,÷ਜੇਕਰ ਅਸੀਂ ਗੁਰੂ ਸਾਹਿਬਾਨ ਦੀ ਧਾਰਮਿਕ ਵਿਰਾਸਤ ਦਾ ਅਧਿਐਨ ਕਰਦੇ ਹਾਂ ਤਾਂ ਉਹ ਹਮੇਸ਼ਾ ਅਗਾਂਹਵਧੂ ਵਿਚਾਰਾਂ ਲਈ ਬੋਲਦੇ ਸਨ, ਜੇਕਰ ਅਸੀਂ ਇਸਨੂੰ ਆਪਣੇ ਜੀਵਨ ਵਿੱਚ ਲਾਗੂ ਕਰੀਏ ਤਾਂ ਇਹ ਬਹੁਤ ਵਧੀਆ ਹੋਵੇਗਾ । ਇਸ ਮੌਕੇ ਰਾਜਦੂਤ ਸੰਧੂ ਨੇ ਅਫਗਾਨਿਸਤਾਨ ਦੇ ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਔਖੇ ਸਮੇਂ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣੇ ਵਿਰਸੇ ਨੂੰ ਜਿਉਂਦਾ ਰੱਖਿਆ ਹੈ। ਸੰਧੂ ਨੇ ਸਮਾਗਮ ਦੌਰਾਨ ਕਿਹਾ,÷ਸਾਨੂੰ ਉਸ ਵਿਰਸੇ ਤੋਂ ਸਿੱਖਣ ਦੀ ਲੋੜ ਹੈ ਜੋ ਸਾਨੂੰ ਮਿਲਿਆ ਹੈ। ਅਫਗਾਨਿਸਤਾਨ ਤੋਂ ਆਏ ਸਿੱਖਾਂ ਨੇ ਔਖੇ ਸਮੇਂ ਦਾ ਸਾਹਮਣਾ ਕੀਤਾ ਹੈ...ਸਿੱਖਾਂ ਦਾ ਅਫਗਾਨਿਸਤਾਨ ਨਾਲ ਬਹੁਤ ਪੁਰਾਣਾ ਸਬੰਧ ਹੈ। ਗੁਰੂ ਨਾਨਕ ਦੇਵ ਜੀ ਅਤੇ ਹੋਰ ਬਹੁਤ ਸਾਰੇ ਗੁਰੂ ਅਫਗਾਨਿਸਤਾਨ ਗਏ ਸਨ।

ਇਸ ਸਮਾਗਮ ਵਿੱਚ ਭਾਰਤ ਦੇ ਮੌਜੂਦਾ ਕੌਂਸਲ ਜਨਰਲ ਰਣਧੀਰ ਜੈਸਵਾਲ ਨੇ ਵੀ ਸ਼ਿਰਕਤ ਕੀਤੀ। ਰਣਧੀਰ ਜੈਸਵਾਲ, ਜੋ ਵਿਦੇਸ਼ ਮੰਤਰਾਲੇ ਦੇ ਅਧਿਕਾਰਤ ਬੁਲਾਰੇ ਵਜੋਂ ਆਪਣੀ ਨਵੀਂ ਜ਼ਿੰਮੇਵਾਰੀ ਵੱਲ ਵਧਣਗੇ, ਦਾ ਗੁਰੂਦੁਆਰਾ ਸਾਹਿਬ ਕਮੇਟੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ । ਹਰਚਰਨ ਸਿੰਘ ਗੁਲਾਟੀ ਜੀ ਨੇ ਅਫਗਾਨੀ ਸਿੱਖਾਂ ਦੀ ਮੱਦਦ ਕਰਨ ਲਈ ਨੇ ਸ. ਤਰਨਜੀਤ ਸਿੰਘ ਸੰਧੂ ਅਤੇ ਭਾਰਤ ਸਰਕਾਰ ਦਾ ਧੰਨਵਾਦ ਕੀਤਾ ।



# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023


# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਦਿਹਾੜਾ ਗੁਰੁਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਲੌਂਗ ਆਈਲੈਂਡ ਨਿਊਯਾਰਕ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ

## ਭਾਰਤੀ ਰਾਜਦੂਤ ਤਰਨਜੀਤ ਸੰਧੂ ਅਤੇ ਕੌਂਸ਼ਲ ਜਨਰਲ ਰਣਧੀਰ ਜੈਸਵਾਲ ਇਸ ਵਿਸ਼ੇਸ਼ ਸਮਾਗਮ ਵਿੱਚ ਹੋਏ ਹਾਜ਼ਰ ਅਤੇ ਸੰਗਤਾਂ ਨੂੰ ਦਿੱਤੀ ਵਧਾਈ

## ਹਰਚਰਨ ਸਿੰਘ ਗੁਲਾਟੀ (Gen. Sec. Of Gurudwara Sahib) ਅਤੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ Indian Ambassador Taranjit Singh Sandhu ਦਾ ਕੀਤਾ ਗਿਆ ਸਵਾਗਤ







ਗੁਰੂ ਪਿਆਰੀ ਸਾਧ ਸੰਗਤ ਜੀ
ਫਤਿਹ ਪ੍ਰਵਾਨ ਕਰਨੀ
ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਇਆ
ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ
ਸਾਡੇ ਵਿਚ ਬਹੁਤ ਸਮੇਂ ਤੋਂ ਪ੍ਰਸਿੱਧ ਇੱਕ ਧਾਰਨਾ ਗਾਈ ਜਾਂਦੀ ਹੈ
ਊਚਾ ਦਰ ਬਾਬੇ ਨਾਨਕ ਦਾ
ਦਰ ਤਾਂ ਭਗਵਾਨ ਰਾਮ, ਭਗਵਾਨ ਕ੍ਰਿਸ਼ਨ, ਮਹਾਤਮਾ ਬੁੱਧ ਹਜ਼ਰਤ ਈਸਾ, ਹਜ਼ਰਤ ਮਹਮਦ ਸਾਹਬਿ ਦੇ ਵੀ ਹਨ।
ਪਰ ਕੇਵਲ ਬਾਬਾ ਨਾਨਕ ਦਾ ਦਰ ਕਿਉਂ ਊਚਾ ਕਿਉਂ ਕਿ ਇਸ ਦਰ 'ਤੇ ਸਰਬਤ ਦੇ ਭਲੇ ਦੀ ਅਰਦਾਸ ਹੁੰਦੀ ਹੈ, ਸਰਬਤ ਨੂੰ ਬਿਨਾਂ ਭਾਵ ਭੇਦ ਲੰਗਰ ਛਕਾਇਆ ਜਾਂਦਾ ਹੈ।ਇਹ ਉਚ ਅ ਸਥਾਨ ਹੈ ਜਿਥੇ ਰਾਮ ਰਹੀਮ ਭਗਵਾਨ ਨਰਾਇਣ ਅਲਾ ਬੇ ਝਿਂਝਕ ਹੋ ਕੇ ਗਾਇਆ ਜਾਂਦਾ ਹੈ
ਅਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ
ਏਕ ਨੂਰ ਤੇ ਸਭ ਜਗ ਉਪਜਿਆ ਕਊਨ ਭਲੇ ਕੋ ਮੰਦੇ
ਕੋਈ ਬੋਲੇ ਰਾਮ ਕੋਈ ਖੁਦਾਇ
ਕੋਈ ਸੇਵੇ ਗੁਸਾਇਆਂ ਕੋਈ ਅਲਾਏ
ਅੱਜ ਅਸੀਂ ਉਸ ਮਹਾਨ ਜਗਤ ਗੁਰੂ ਦਾ ਪ੍ਰਕਾਸ਼ ਮਨਾਂ ਰਹੇ ਹਾਂ, ਜਿਨ੍ਹਾਂ ਨੂੰ ਸੰਸਾਰ ਨੂੰ ਕ੍ਰਿਤ ਕਰਨੀ, ਨਾਮ ਜਪਣਾ ਅਤੇ ਵੰਡ ਕੇ ਛੱਕਣੇ ਦਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।



ਇਸ ਸੰਦੇਸ਼ ਤਹਿਤ ਅੱਜ ਸਾਡੇ ਵਿਚ ਭਾਰਤ ਸਰਕਾਰ ਦੇ ਰਾਜਦੂਤ ਪਵਿੱਤਰ ਧਰਤੀ ਦੇ ਜੰਮਪਲ ਸਤਿਕਾਰਯੋਗ ਸ੍ਰ. ਤਰਨਜੀਤ ਸਿੰਘ ਸੰਧੂ ਇੱਕ ਮਹਾਨ ਪੰਥਕ ਆਗੂ ਸ੍ਰ. ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਅਤੇ ਸ੍ਰ. ਬਿਸ਼ਨ ਸਿੰਘ ਸਮੁੰਦਰੀ ਫਾਊਂਡਰ ਅਤੇ ਵਾਈਸ ਚਾਂਸਲਰ ਗੁਰੂ ਲਾਂਲਕ ਦੇਵ ਜੀ ਯੂਨੀਵਰਸਿਟੀ ਦੇ ਪਤਰ ਹਨ। ਆਪ ਜੀ ਊਚ ਵਿਦਿਆ ਜਵਾਹਰ ਲਾਲ ਯੂਨੀਵਰਸਿਟੀ ਅਤੇ ਸੈਂਟ ਸਟੀਫਨ ਕਾਲਜ ਤੋਂ ਪ੍ਰਾਪਤ ਕੀਤੀ। ਆਪ ਜੀ ਫਰਵਰੀ 2020 ਵਿਚ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਬਣਕੇ ਆਏ। ਆਪ ਜੀ ਨੂੰ ਜੀ ਆਇਆਂ ਆਖ ਕੇ ਫਤਿਹ ਬੁਲਾਉਂਦੇ ਹਾਂ।
ਅਸੀਂ ਅਫਗਾਨ ਹਿੰਦੂ ਸਿੱਖ ਸਦੀਆਂ ਤੋਂ ਅਫ਼ਗਾਨਿਸਤਾਨ ਦੀ ਧਰਤੀ ਤੇ ਰਹਿੰਦੇ ਹੋਏ ਆਪਣੀ ਬੋਲੀ, ਆਪਣਾ ਕਲਚਰਲ ਆਪਣਾ ਧਰਮ ਸਾਂਭ ਕੇ ਰੱਖਿਆ ਹੈ ਜਦੋਂ ਵੀ ਕੋਈ ਮੁਸੀਬਤ ਆਈ ਹੈ ਤਾਂ ਭਾਰਤ ਸਰਕਾਰ ਨੇ ਸਾਡੀ ਬਾਂਹ ਫੜਕੇ ਹਰ ਤਰ੍ਹਾਂ ਦੀ ਮਦਦ ਕੀਤੀ ਹੈ।
ਹੁਣੇ ਥੋੜ੍ਹੇ ਸਮਾਂ ਪਹਿਲਾਂ ਭਾਰਤ ਦੀ ਮੋਦੀ ਸਰਕਾਰ ਨੇ ਅਫ਼ਗਾਨਿਸਤਾਨ ਨੇ ਹਿੰਦੂ ਸਿੱਖਾਂ ਨੂੰ ਵਿਸ਼ੇਸ਼ ਜ ਹਾਜ ਭਿਜਵਾਹ ਕੇ ਰਾਤੋ ਰਾਤ ਸਹੀ ਸਲਾਮਤ ਦਿੱਲੀ ਪਹੁੰਚਾਇਆ ਅਤੇ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਹੋਰ ਧਾਰਮਿਕ ਗ੍ਰੰਥ ਬਹੁਬਤ ਸਤਿਕਾਰ ਨਾਲ ਦਿੱਲੀ ਤੱਕ ਪਹੁੰਚਾਏ। ਇਸ ਮਦਦ ਅਤੇਪਰਉਪਕਾਰ ਨੇ ਕਦੀ ਨਹੀਂ ਭੁਲਾਂਵਾਂਗੇਪਰ ਨਾਲ ਹੀ ਤੁਹਾਡੇ ਗਈ ਅਸੀਂ ਭਾਰਤ ਸਰਕਾਰ ਦਾ ਧੰਨਵਾਦ ਕਰਦੇ ਹੋਏ ਸੰਦੇਸ਼ ਦਿੰਦੇ ਹਾਂ ਜੋ ਸਾਡੇ ਇਤਿਹਾਸਕ ਧਾਰਮਿਕ ਅਸਥਾਨ ਜੋ ਕਈ ਸਦੀਆਂ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ ਉਸਦੀ ਸੰਭਾਲ ਕੀਤੀ ਜਾਵੇ। ਪਿਛਲੇ ਤਿੰਨ ਚਾਰ ਸਾਲਾਂ ਤੋਂ ਕੌਂਸਲੇਟ ਰਣਧੀਰ ਜੈਸਵਾਲ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਇਸ ਦਰਬਾਰ ਵਿਚ ਹਾਜ਼ਰੀ ਭਰਕੇ ਲੰਗਰ ਦੀ ਸੇਵਾ ਲੈਂਦੇ ਰਹੇ ਹਨ। ਇਹ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦਾ ਸੰਦੇਸ਼ ਹੈ ਜਿਸਨੂੰ ਸਾਰੇ ਪਿਆਰ ਕਰਦੇ ਹਨ।

**ਹਰਚਰਨ ਸਿੰਘ ਗੁਲਾਟੀ**
**ਜਨਰਲ ਸਕੱਤਰ**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023


## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਲੌਂਗ ਆਈਲੈਂਡ ਨਿਊਯਾਰਕ ਵਿੱਚ ਪਾਲਕੀ ਸਾਹਿਬ ਉੱਪਰ ਫੁੱਲਾਂ ਦੀ ਵਰਖਾ ਕਰਕੇ ਬੜੀ ਧੂਮਧਾਮ ਨਾਲ ਮਨਾਇਆ ਗਿਆ

## ਭਾਰਤੀ ਰਾਜਦੂਤ ਤਰਨਜੀਤ ਸੰਧੂ ਅਤੇ ਕੌਸ਼ਲ ਜਨਰਲ ਰਣਧੀਰ ਜੈਸਵਾਲ ਇਸ ਵਿਸ਼ੇਸ਼ ਸਮਾਗਮ ਵਿੱਚ ਹੋਏ ਹਾਜ਼ਰ ਅਤੇ ਸੰਗਤਾਂ ਨੂੰ ਦਿੱਤੀ ਵਧਾਈ

## ਗੁਰੂਦੁਆਰਾ ਸਾਹਿਬ ਜੀ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਅਤੇ ਸਮੂਹ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਦਿੱਤੀ ਗੁਰੂਪੁਰਬ ਦੀ ਵਧਾਈ

ਖ਼ਬਰ ਅਗਲੇ ਸਫ਼ੇ 'ਤੇ











ਤਸਵੀਰਾਂ ਅਤੇ ਵੇਰਵਾ : ਪ੍ਰੀਤਨਾਮਾ





# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

**On our English language New Website**
**WWW.PREET NEWS.COM**

Chief Editor
Pritpal Kaur
+1 201-312-4180

**Vol 4, Issue 228** Website: www.preetnama.com Email preetnamausa@gmail.com **01 DEC TO 07 DEC, 2023**


ਨਿਊਯਾਰਕ – (ਪ੍ਰੀਤਨਾਮਾ ਮੀਡੀਆ) – ਦੁਨੀਆਂ ਭਰ ਵਿੱਚ ਸਿੱਖ ਧਰਮ ਦੇ ਬਾਨੀ, ਸਰਬਸਾਂਝੀਵਾਲਤਾ ਦਾ ਹੌਕਾ ਦੇਣ ਵਾਲੇ, ਮਾਨਵਤਾ ਅਤੇ ਸਭ ਧਰਮਾਂ ਦੇ ਸਾਂਝੇ ਰਹਿਬਰ, ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸੇ ਤਰ੍ਹਾਂ Hicksville Long Island NewYork ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਗਮਨ ਪੁਰਬ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ?ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਤਿੰਨ ਰੋਜ਼ਾ ਕੀਰਤਨ ਸਮਾਗਮ ਕਰਵਾਏ ਗਏ। ਐਤਵਾਰ ਨੂੰ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਸਿੱਖ ਭਾਈਚਾਰੇ ਨਾਲ ਗੁਰਪੁਰਬ ਮਨਾਉਣ ਲਈ ਗੁਰੂਦੁਆਰਾ ਸਾਹਿਬ ਵਿੱਖੇ ਪਹੁੰਚੇ । ਇਸ ਸਮਾਗਮ ਵਿੱਚ ਭਾਰਤ ਦੇ ਮੌਜੂਦਾ ਕੌਂਸਲ ਜਨਰਲ ਰਣਧੀਰ ਜੈਸਵਾਲ ਨੇ ਵੀ ਸ਼ਿਰਕਤ ਕੀਤੀ। ਗੁਰੂਦੁਆਰਾ ਸਾਹਿਬ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਭਾਈਚਾਰੇ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ । ਪੰਥ ਪ੍ਰਸਿੱਧ ਕਥਾ ਵਾਚਕ ਬੰਤਾ ਸਿੰਘ ਅਤੇ ਭਾਈ ਗੁਰਬਖ਼ਸ ਸਿੰਘ ਯੂਕੇ ਵਾਲਿਆ ਨੇ ਸੰਗਤਾਂ ਨੂੰ ਗੁਰੂ ਜੀ ਦੀਆਂ ਸਾਖੀਆਂ ਸਰਵਣ ਕਰਵਾਈਆਂ । ਗੁਰਪੁਰਬ ਦੇ ਦਿਹਾੜੇ ਅੰਮ੍ਰਿਤ ਵੇਲੇ ਤੋਂ ਹੀ ਗੁਰੂ ਘਰ ਵਿਖੇ ਸੰਗਤਾਂ ਦਰਸ਼ਨਾਂ ਲਈ ਪੁੱਜਣੀਆਂ ਸ਼ੁਰੂ ਹੋ ਗਈਆਂ ਸਨ। ਇਸ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਜਥਿਆਂ ਅਤੇ ਕਥਾਵਾਚਕਾਂ ਵੱਲੋਂ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦਿੱਤੇ ਮਾਨਵਤਾ ਦੇ ਸੰਦੇਸ਼ ਨਾਲ ਜਾਣੂੰ ਕਰਵਾਇਆ ਗਿਆ ਅਤੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਆ ਗਿਆ। ਸੰਗਤਾ ਲਈ ਸ਼ਾਮ ਦੇ ਵੇਲੇ ਪਾਰਕਿੰਗ ਲਾਟ ਵਿੱਚ ਤਰਾਂ ਤਰਾਂ ਦੇ ਪਕਵਾਨਾਂ ਦੇ ਸਟਾਲ ਲਗਵਾਏ ਗਏ । ਰਾਤ ਦੇ ਵੇਲੇ ਪਾਲਕੀ ਸਾਹਿਬ ਉੱਪਰ ਫੁੱਲਾਂ ਦੀ ਵਰਖਾ ਕੀਤੀ ਗਈ । ਗੁਰੂਦੁਆਰਾ ਸਾਹਿਬ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੇ ਆਈਆਂ ਹੋਈਆਂ ਸਭ ਸੰਗਤਾਂ ਨੂੰ ਗੁਰੂਪੁਰਬ ਦੀ ਵਧਾਈ ਦਿੱਤੀ ਅਤੇ ਗੁਰੂ ਸਾਹਿਬ ਜੀ ਦਰਸਾਏ ਮਾਰਗ ਉੱਪਰ ਚੱਲਣ ਦੀ ਅਪੀਲ ਕੀਤੀ । ਗੁਲਾਟੀ ਜੀ ਨੇ ਗੁਰੂਦੁਆਰਾ ਸਾਹਿਬ ਵਿੱਚ ਸੇਵਾ ਕਰ ਰਹੇ ਸਾਰੇ ਸੇਵਾਦਾਰਾਂ ਦਾ ਵੀ ਧੰਨਵਾਦ ਕੀਤਾ ।

ਮੀਡੀਆ ਪ੍ਰੀਤਨਾਮਾ ਨੇ ਇਸ ਸਮਾਗਮ ਦੀ ਵਿਸ਼ੇਸ਼ ਕਵਰੇਜ ਕੀਤੀ ।








ਤਸਵੀਰਾਂ ਅਤੇ ਵੇਰਵਾ : ਪ੍ਰੀਤਨਾਮਾ









# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023


















# Preetnama
# ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023


# ਗੁਰਦੁਆਰਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ

ਨਿਊਯਾਰਕ ( ਬੀ. ਜੇ. ਸਟੂਡਿਓ ) – ਦੁਨੀਆਂ ਭਰ ਵਿੱਚ ਸਿੱਖ ਧਰਮ ਦੇ ਬਾਨੀ, ਸਰਬਸਾਂਝੀਵਾਲਤਾ ਦਾ ਹੋਕਾ ਦੇਣ ਵਾਲੇ, ਮਾਨਵਤਾ ਅਤੇ ਸਭ ਧਰਮਾਂ ਦੇ ਸਾਂਝੇ ਰਹਿਬਰ, ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸੇ ਤਰ੍ਹਾਂ ਨਿਊਯਾਰਕ ਸਥਿਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਗਮਨ ਪੁਰਬ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ?ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਕੀਰਤਨ ਸਮਾਗਮ ਕਰਵਾਏ ਗਏ। ?ਗੁਰਪੁਰਬ ਦੇ ਦਿਹਾੜੇ ਅੰਮ੍ਰਿਤ ਤੋਂ ਹੀ ਗੁਰੂ ਘਰ ਵਿਖੇ ਸੰਗਤਾਂ ਦਰਸ਼ਨਾਂ ਲਈ ਪੁੱਜਣੀਆਂ ਸ਼ੁਰੂ ਹੋ ਗਈਆਂ ਸਨ। ਇਸ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਜਥਿਆਂ ਅਤੇ ਕਥਾਵਾਚਕਾਂ ਵੱਲੋਂ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦਿੱਤੇ ਮਾਨਵਤਾ ਦੇ ਸੰਦੇਸ਼ ਨਾਲ ਜਾਣੂੰ ਕਰਵਾਇਆ ਗਿਆ ਅਤੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਆ ਗਿਆ। ?ਇਸ ਪਾਵਨ ਮੌਕੇ ਪ੍ਰਧਾਨ ਦਲੇਰ ਸਿਘ ਖਾਲਸਾ, ਜਨਰਲ ਸਕੱਤਰ ਸੁਖਜਿਦਰ ਸਿੰਘ ਰਿੰਪੀ, ਚੇਅਰਮੈਨ ਅਮਰੀਕ ਸਿਘ ਮੋਹਰਥਲੀ, ਸਕੱਤਰ ਜਸਵਿੰਦਰ ਸਿੰਘ ਮਾਅਣਾ ਅਤੇ ਸਮੂਹ ਕਮੇਟੀ ਦੇ ਮੈਬਰਾਂ ਵੱਲੋਂ ਸੰਗਤਾਂ ਨੂੰ ਜੀ ਆਇਆਂ ਆਖਿਆ ਗਿਆ ਅਤੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਮਾਗਮਾਂ ਦੀ ਸੇਵਾ ਵਿੱਚ ਅਮਰੀਕ ਸਿੰਘ ਮੁਕੇਰੀਆਂ ਕੈਸ਼ੀਅਰ ਦਲੀਪ ਸਿੰਘ, ਅਕਾਲਾ ਸਿੰਘ ਅਤੇ ਹੋਰ ਸੱਜਣਾਂ ਵੱਲੋਂ ਆਪਣਾ ਪੂਰਣ ਯੋਗਦਾਨ ਪਾਇਆ ਗਿਆ।

(ਬਾਕੀ ਅਗਲੇ ਸਫ਼ੇ 'ਤੇ)





ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ















# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023


# ਗੁਰਦੁਆਰਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ

ਫਾਉਂਡਰ ਪ੍ਰਧਾਨ ਮਾਸਟਰ ਮਹਿੰਦਰ ਸਿੰਘ, ਪਹਿਲੇ ਪ੍ਰਧਾਨ ਰਘਵੀਰ ਸਿੰਘ ਸੁਭਾਨਪੁਰ, ਹਿੰਮਤ ਸਿੰਘ ਸਰਪੰਚ, ਕੁਲਦੀਪ ਸਿੰਘ ਖਾਲਸਾ, ਮਨਜੀਤ ਸਿੰਘ ਦਸੂਆ, ਰਘਬੀਰ ਸਿੰਘ ਬੱਬੀ, ਜਰਨੈਲ ਸਿੰਘ ਗਿਲਜੀਆਂ, ਪ੍ਰੀਤਮ ਸਿੰਘ ਗਿਲਜੀਆਂ ਬਲਦੇਵ ਸਿੰਘ ਗਿਲਜੀਆਂ ਗੁਰਮੇਜ ਸਿੰਘ ਹਰਿਆਣਾ , ਗੁਰਮੀਤ ਸਿੰਘ ਮਹਿਮਦਪੁਰ ਅਤੇ ਮੌਜੂਦਾ ਪ੍ਰਧਾਨ ਦਲੇਰ ਸਿੰਘ ਖਾਲਸਾ ਜੀ ਵੱਲੋਂ ਵੀ ਸੇਵਾ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਗਿਆ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ ਗਈਆਂ। ਜਰਨਲ ਸਕੱਤਰ ਸੁਖਜਿੰਦਰ ਸਿੰਘ ਰਿੰਪੀ ਵੱਲੋਂ ਸਟੇਜ ਤੋਂ ਆਈਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ ਗਿਆ। ?ਢਾਡੀ ਵਾਰਾਂ ਮੋਹਣ ਸਿੰਘ ਬਡਾਣਾ ਜੀ ਵੱਲੋਂ ਸਟੇਜ ਤੋਂ ਸੰਗਤਾਂ ਨੂੰ ਸੁਣਾਈਆਂ ਗਈਆਂ। ਹੈੱਡ ਗ੍ਰੰਥੀ ਜਸਪਾਲ ਸਿੰਘ ਜੀ ਵੱਲੋਂ ਵੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਾਰੇ ਵਿਆਖਿਆ ਕੀਤੀ । ਅਦਾਰਾ ਬੀ ਜੇ ਫੋਟੋਗ੍ਰਾਫਰ ਅਤੇ ਮੀਡੀਆ ਪ੍ਰੀਤਨਾਮਾ ਵੱਲੋਂ ਮੌਕੇ ਦੀਆਂ ਤਸਵੀਰਾਂ ਖਿੱਚੀਆਂ ਗਈਆਂ। ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੇਵਦਾਰਾਂ ਨੂੰ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ। ?ਇਸ ਸਮਾਗਮ ਨੂੰ ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੀ ਸਮੂਹ ਕਮੇਟੀ ਵੱਲੋਂ ਬੜੇ ਸੁਚੱਜੇ ਢਗ ਨਾਲ ਨੇਪਰੇ ਚਾੜ੍ਹਿਆ ਗਿਆ ਜਿਸ ਲਈ ਸਮੂਹ ਕਮੇਟੀ ਅਤੇ ਮੈਂਬਰ ਵਧਾਈ ਦੀ ਪਾਤਰ ਹੈ।








ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ









# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023












ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ


















# ਕੈਨੇਡੀਅਨ ਘਰੇਲੂ ਹੀਟਿੰਗ ਗੈਸ 'ਤੇ ਚਾਹੁੰਦੇ ਹਨ ਕਾਰਬਨ ਟੈਕਸ ਦੀ ਛੋਟ




ਓਟਾਵਾ : ਇੱਕ ਤਾਜ਼ਾ ਕਰਵਾਏ ਗਏ ਸਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕੈਨੇਡੀਅਨ ਲੋਕ ਵਿਆਪਕ ਤੌਰ 'ਤੇ ਫੈਡਰਲ ਸਰਕਾਰ ਦੇ ਕਾਰਬਨ 'ਤੇ ਘਰੇਲੂ ਹੀਟਿੰਗ ਗੈਂਸ ਦੀ ਕੀਮਤ ਵਿੱਚ ਛੋਟ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਆਰਿਥਕ ਤੌਰ ਹੋ ਗਈ ਮੰਦਹਾਲੀ ਤੋਂ ਉਭਰ ਲਈ ਮਦਦ ਮਿਲ ਸਕੇ। ਜ਼ਿਕਰਯੋਗ ਹੈ ਕਿ ਗਵਰਨਿੰਗ ਲਿਬਰਲਾਂ ਨੇ ਪਿਛਲੇ ਮਹੀਨੇ ਲੋਕਾਂ ਨੂੰ ਇਲੈਕਟ੍ਰਿਕ ਹੀਟ ਪੰਪਾਂ 'ਤੇ ਸਵਿਚ ਕਰਨ ਵਿੱਚ ਮਦਦ ਕਰਨ ਲਈ ਫੰਡਿੰਗ ਦੇ ਨਾਲ-ਨਾਲ ਹੀਟਿੰਗ ਗੈਸ 'ਤੇ ਨਿਰਭਰ ਜਾਇਦਾਦ ਮਾਲਕਾਂ ਲਈ ਕਾਰਬਨ ਟੈਕਸ ਤੋਂ ਤਿੰਨ ਸਾਲ ਦੀ ਛੋਟ ਦਾ ਐਲਾਨ ਕੀਤਾ ਸੀ। ਦੂਜੇ ਪਾਸੇ ਕੰਜ਼ਰਵੇਟਿਵ ਆਗੂ ਪੀਅਰ ਪੋਲੀਵੀਅਰ ਦਾ ਕਹਿਣਾ ਹੈ ਕਿ ਜੇਕਰ ਅਗਲੀਆਂ ਚੋਣਾਂ ਵਿੱਚ ਲੋਕ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਚੁਣਦੇ ਤਾਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਕਾਰਬਨ ਦੀ ਕੀਮਤ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਸਹੁੰ ਖਾਧੀ ਹੈ। ਉਹ ਕੈਨੇਡਾ ਨੂੰ ਕਾਰਬਨ ਟੈਕਸ ਮੁਕਤ ਕਰਨਗੇ ਜਿਸ ਦੇ ਲਈ ਉਨ੍ਹਾਂ ਨੇ ਆਪਣੀ ਮਹਿੰਮ ਵਿੱਚ ਟੈਕਸ ਨੂੰ ਖਤਮ ਕਰੋ ਦੇ ਨਾਅਰੇ ਨਾਲ ਦੇਸ਼ ਭਰ ਦੇ ਸਮਾਗਮਾਂ ਵਿੱਚ ਸਮਰਥਕਾਂ ਨਾਲ ਰੈਲੀਆਂ ਵੀ ਕਰ ਰਹੇ ਹਨ। ਔਨਲਾਈਨ ਲੇਜਰ ਸਰਵੇਖਣ ਦੇ ਅੱਧੇ ਤੋਂ ਵੱਧ ਉੱਤਰਦਾਤਾਵਾਂ ਨੇ ਕਿਹਾ ਕਿ ਉਹ ਕਾਰਵ-ਆਊਟ ਬਾਰੇ ਜਾਣਦੇ ਹਨ, ਜਦੋਂ ਕਿ 48 ਪ੍ਰਤੀਸ਼ਤ ਨੇ ਕਿਹਾ ਕਿ ਉਹ ਇਸ ਬਾਰੇ ਨਹੀਂ ਜਾਣਦੇ ਸਨ। ਇਸ ਦੇ ਬਾਵਜੂਦ 63 ਫੀਸਦੀ ਨੇ ਕਿਹਾ ਕਿ ਉਹ ਫੈਸਲੇ ਦਾ ਸਮਰਥਨ ਕਰਦੇ ਹਨ ਅਤੇ ਸਿਰਫ 37 ਫੀਸਦੀ ਨੇ ਕਿਹਾ ਕਿ ਉਹ ਇਸ ਦਾ ਵਿਰੋਧ ਕਰਦੇ ਹਨ। 44 ਸਾਲ ਤੋਂ ਘੱਟ ਉਮਰ ਦੇ ਲੋਕਾਂ ਵਿੱਚ ਸਹਾਇਤਾ ਸਭ ਤੋਂ ਵੱਧ ਸੀ। ਪੋਲ ਇਹ ਵੀ ਸੁਝਾਅ ਦਿੰਦਾ ਹੈ ਕਿ ਜ਼ਿਆਦਾਤਰ ਲੋਕ ਘਰੇਲੂ ਹੀਟਿੰਗ ਗੈਸ ਦੇ ਸਾਰੇ ਰੂਪਾਂ ਵਿੱਚ ਛੋਟ ਚਾਹੁੰਦੇ ਹਨ। ਨੈਚੁਰਲ ਰਿਸੋਰਸਜ਼ ਕੈਨੇਡਾ ਦੇ ਅਨੁਸਾਰ, 1.2 ਮਿਲੀਅਨ ਤੋਂ ਵੱਧ ਕੈਨੇਡੀਅਨ ਘਰ ਘਰੇਲੂ ਹੀਟਿੰਗ ਗੈਸ ਦੀ ਵਰਤੋਂ ਕਰਦੇ ਹਨ, ਅਤੇ ਉਹਨਾਂ ਵਿੱਚੋਂ ਲਗਭਗ ਇੱਕ ਚੌਥਾਈ ਐਟਲਾਂਟਿਕ ਕੈਨੇਡਾ ਵਿੱਚ ਹਨ। ਅਟਲਾਂਟਿਕ ਕੈਨੇਡੀਅਨ ਘਰਾਂ ਦਾ ਲਗਭਗ ਇੱਕ ਤਿਹਾਈ ਹਿੱਸਾ ਗਰਮ ਕਰਨ ਵਾਲੀ ਹੀਟਿੰਗ ਗੈਸ 'ਤੇ ਨਿਰਭਰ ਹਨ। ਲਿਬਰਲਾਂ 'ਤੇ ਉਨ੍ਹਾਂ ਦੇ ਆਲੋਚਕਾਂ ਵੱਲੋਂ ਐਟਲਾਂਟਿਕ ਕੈਨੇਡਾ ਵਿਚ ਵੋਟਾਂ ਬਚਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਲਗਭਗ 78 ਪ੍ਰਤੀਸ਼ਤ ਅਟਲਾਂਟਿਕ ਕੈਨੇਡੀਅਨਾਂ ਨੇ ਕਿਹਾ ਕਿ ਉਹ ਇਸ ਕਦਮ ਤੋਂ ਖੁਸ਼ ਹਨ। ਕਿਊਬਿਕ ਵਿੱਚ ਵਿਰੋਧ ਸਭ ਤੋਂ ਵੱਧ ਸੀ, ਜਿੱਥੇ 43 ਪ੍ਰਤੀਸ਼ਤ ਉੱਤਰਦਾਤਾਵਾਂ ਨੇ ਕਿਹਾ ਕਿ ਉਹ ਅਸਹਿਮਤ ਹਨ। ਅਲਬਰਟਾਨਜ਼ ਸਭ ਤੋਂ ਵੱਧ 78 ਪ੍ਰਤੀਸ਼ਤ ਸੰਭਾਵਤ ਤੌਰ 'ਤੇ ਸਾਰੇ ਘਰੇਲੂ ਹੀਟਿੰਗ ਗੈਸ ਦੇ ਵਿਸਤਾਰ ਦਾ ਸਮਰਥਨ ਕਰਦੇ।


## ਕੈਨੇਡਾ 'ਚ ਮਹਿੰਗਾਈ ਦਰ 3.8 ਫੀਸਦੀ ਤੋਂ ਘੱਟ ਕੇ 3.1 ਫੀਸਦੀ ਹੋਈ



ਸਰੀ : ਸਰਕਾਰੀ ਅੰਕੜਿਆਂ ਅਨੁਸਾਰ ਅਕਤੂਬਰ ਮਹੀਨੇ ਕੈਨੇਡਾ ਦੀ ਮਹਿੰਗਾਈ ਦਰ 3.8% ਤੋਂ ਘੱਟ ਕੇ 3.1% ਹੋ ਗਈ ਹੈ। ਪਿਛਲੇ ਮਹੀਨੇ ਮਹਿੰਗਾਈ ਦਰ 3.8% ਦੇ ਪੱਧਰ 'ਤੇ ਸੀ। ਸਟੈਟਿਸਟਿਕਸ ਕੈਨੇਡਾ ਵੱਲੋਂ ਬੀਤੇ ਦਿਨੀਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਅਨੁਸਾਰ ਗੈਸੋਲੀਨ ਦੀਆਂ ਕੀਮਤਾਂ ਘੱਟਣ ਨਾਲ ਮਹਿੰਗਾਈ ਦਰ ਦੇ ਹੇਠਾਂ ਆਉਣ ਸਭ ਤੋਂ ਵੱਡਾ ਕਾਰਨ ਰਿਹਾ। ਇਕੱਲੇ ਅਕਤੂਬਰ ਮਹੀਨੇ ਵਿਚ ਹੀ ਗੈਸ ਦੀਆਂ ਕੀਮਤਾਂ ਵਿਚ 6.4% ਦੀ ਘਟੀਆਂ ਹਨ ਜੋਕਿ ਪਿਛਲੇ ਸਾਲ ਅਕਤੂਬਰ ਦੀ ਤੁਲਨਾ ਵਿਚ 7.8% ਦੀ ਗਿਰਾਵਟ ਹੈ।

ਪਿਛਲੇ ਸਾਲ ਦੀ ਤੁਲਨਾ ਵਿਚ ਫ਼ੂਡ ਦੀਆਂ ਕੀਮਤਾਂ 5.4% ਵਧੇਰੇ ਦਰਜ ਹੋਈਆਂ। ਹਾਲਾਂਕਿ ਇਹ ਦਰ ਸਮੁੱਚੀ ਮਹਿੰਗਾਈ ਦਰ ਨਾਲੋਂ ਵਧੇਰੇ ਹੈ, ਪਰ ਸਤੰਬਰ ਵਿਚ ਦਰਜ 5.8 % ਦੀ ਸਾਲਾਨਾ ਦਰ ਨਾਲੋਂ ਜ਼ਰੂਰ ਘੱਟ ਹੈ। ਗ੍ਰੋਸਰੀ ਦੀਆਂ ਕੀਮਤਾਂ ਪਿਛਲੇ ਚਾਰ ਮਹੀਨਿਆਂ ਵਿਚ ਲਗਾਤਾਰ ਘਟੀਆਂ ਹਨ, ਪਰ ਟੀਡੀ ਬੈਂਕ ਦੀ ਅਰਥਸ਼ਾਸਤਰੀ ਲੈਸਲੀ ਪ੍ਰੈਸਟਨ ਨੇ ਕਿਹਾ ਕਿ ਉਪਭੋਗਤਾਵਾਂ ਨੂੰ ਦਰ ਵਿਚ ਆਈ ਇਸ ਕਮੀ ਦਾ ਕੋਈ ਬਹੁਤਾ ਲਾਭ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਕੀਮਤਾਂ ਵਿਚ ਧੀਮਾ ਵਾਧਾ ਅਜੇ ਵੀ ਖਪਤਕਾਰਾਂ ਦੀ ਸਮਝੋਂ ਬਾਹਰ ਹੈ ਜਿਹੜੇ ਤਿੰਨ ਸਾਲਾਂ ਦੀ ਤੁਲਨਾ ਵਿਚ ਗ੍ਰੋਸਰੀ ਦੇ ਟੋਕਰੇ ਲਈ 20% ਤੋਂ ਵੱਧ ਭੁਗਤਾਨ ਕਰ ਰਹੇ ਹਨ, ਜੋਕਿ ਪਿਛਲੇ ਚਾਰ ਦਹਾਕਿਆਂ ਦਾ ਸਭ ਤੋਂ ਵੱਡਾ ਵਾਧਾ ਹੈ। ਭਾਵੇਂ ਭੋਜਨ ਅਤੇ ਗੈਸ ਦੀਆਂ ਕੀਮਤਾਂ ਵਿਚ ਮੁਕਾਬਲਤਨ ਗਿਰਾਵਟ ਆ ਰਹੀ ਹੈ, ਪਰ ਹੋਰ ਕਈ ਪਹਿਲੂ ਹਨ ਜੋ ਲੋਕਾਂ ਲਈ ਗੁਜ਼ਾਰਾ ਕਰਨਾ ਮੁਸ਼ਕਿਲ ਕਰ ਰਹੇ ਹਨ। ਰਿਹਾਇਸ਼ ਦੀ ਲਾਗਤ ਪਿਛਲੇ ਇੱਕ ਸਾਲ ਵਿਚ 6% ਤੋਂ ਜ਼ਿਆਦਾ ਵਧ ਚੁੱਕੀ ਹੈ। ਇਹ ਸਮੁੱਚੀ ਮਹਿੰਗਾਈ ਦਰ ਨਾਲੋਂ ਦੁਗਣਾ ਪੱਧਰ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਕਿਰਾਇਆਂ ਵਿਚ ਹੋਇਆ ਵਾਧਾ ਹੈ ਜੋ ਪਿਛਲੇ ਕੁਝ ਸਾਲਾਂ ਦੀ ਤੁਲਨਾ ਵਿਚ ਬਹੁਤ ਤੇਜ਼ੀ ਨਾਲ ਉੱਪਰ ਜਾ ਰਿਹਾ ਹੈ। ਸਟੈਟਿਸਟਿਕਸ ਕੈਨੇਡਾ ਅਨੁਸਾਰ ਪਿਛਲੇ ਇੱਕ ਸਾਲ ਵਿਚ ਕਿਰਾਇਆਂ ਦੀ ਲਾਗਤ ਵਿਚ 8.4% ਵਾਧਾ ਹੋਇਆ ਹੈ। ਸਤੰਬਰ ਵਿਚ ਇਹ ਵਾਧਾ 7.3% ਸੀ। ਘਰ ਖ਼ਰੀਦਣਾ ਵੀ ਮਹਿੰਗਾ ਹੁੰਦਾ ਜਾ ਰਿਹਾ ਹੈ। ਮੌਰਗੇਜ ਵਿਆਜ ਲਾਗਤਾਂ ਪਿਛਲੇ ਸਾਲ ਵਿਚ 30% ਤੋਂ ਜ਼ਿਆਦਾ ਵਧ ਗਈਆਂ ਹਨ। ਪਿਛਲੇ ਇੱਕ ਸਾਲ ਵਿਚ ਪ੍ਰੋਪਰਟੀ ਟੈਕਸ ਵਿਚ 4.9% ਵਾਧਾ ਹੋਇਆ ਹੈ, ਜੋਕਿ ਪਿਛਲੇ ਸਾਲ 3.6% ਸੀ।

## ਵੈਨਕੂਵਰ ਵਿੱਚ ਸਕੈਫੋਲਡਿੰਗ ਕਰੇਨ ਡਿੱਗੀ, ਤਿੰਨ ਮਜ਼ਦੂਰ ਜ਼ਖਮੀ




ਸਰੀ : ਵੈਨਕੂਵਰ ਦੇ ਡਾਊਨਟਾਊਨ ਵਿੱਚ ਇੱਕ ਇਮਾਰਤ ਦੀ ਮੁਰੰਮਤ ਦਾ ਕੰਮ ਕਰਦੇ ਹੋਏ ਕਰੇਨ ਟੁੱਟ ਗਈ ਅਤੇ ਇਸ ਹਾਦਸੇ 'ਚ ਤਿੰਨ ਮਜ਼ਦੂਰ ਗੰਭੀਰ ਰੂਪ ਨਾਲ ਸਖਮੀ ਹੋ ਗਏ। ਇਸ ਹਾਦਸੇ ਸਬੰਧੀ ਜਾਣਕਾਰੀ ਦਿੰਦੇ ਹੋਏ ਇੱਕ ਟ੍ਰੈਫਿਕ ਕੰਟਰੋਲ ਕਰਮਚਾਰੀ, ਸਮੰਥਾ ਨਿਊਲੋਵ ਨੇ ਕਿਹਾ ਕਿ ਇਹ ਘਟਨਾ ਬੁੱਧਵਾਰ ਨੂੰ ਵਾਪਰੀ ਜਦੋਂ ਇਮਾਰਤ ਦੀ ਇੱਕ ਚਿਮਨੀ ਵਿੱਚ ਕੰਕਰੀਟ ਨੂੰ ਪੰਪ ਕੀਤਾ ਜਾ ਰਿਹਾ ਸੀ ਅਤੇ ਅਚਾਨਕ ਉਹ ਫਟ ਗਿਆ ਤੇ ਡਿੱਗ ਗਿਆ ਜਿਸ ਤੋਂ ਬਾਅਦ ਇੱਕ ਸਕੈਫੋਲਡਿੰਗ ਟਾਵਰ ਨੂੰ ਧੱਕਿਆ ਗਿਆ ਅਤੇ ਉਥੇ ਕੰਮ ਕਰ ਰਹੇ 3 ਮਜ਼ਦੂਰ ਗੰਭੀਰ ਰੂਪ ਨਾਲ ਜਖਮੀ ਹੋ ਗਏ। ਉਸ ਨੇ ਕਿਹਾ ਕਿ ਹਾਦਸੇ ਦੌਰਾਨ ਇਥੇ ਲੋਕਾਂ ਦਾ ਕਾਫੀ ਚੀਕ-ਚਿਹਾੜਾ ਪੈ ਚੁੱਕਾ ਸੀ ਅਤੇ ਹਾਦਸਾ ਬੇਹੱਦ ਦੁਖਦਾਈ ਸੀ। ਵੈਨਕੂਵਰ ਫਾਇਰ ਰੈਸਕਿਊ ਸਰਵਿਸਿਜ਼ ਦੇ ਨਾਲ ਸਹਾਇਕ ਫਾਇਰ ਚੀਫ ਜੈਰੇਟ ਗ੍ਰੇ ਘਟਨਾ ਤੋਂ ਬਾਅਦ ਸਾਈਟ 'ਤੇ ਪਹੁੰਚੇ ਅਤੇ ਉਨ੍ਹਾਂ ਕਿਹਾ ਕਿ ਫਾਇਰਫਾਈਟਰਜ਼ ਨੂੰ ਇਕ ਕਰਮਚਾਰੀ ਮਲਬੇ ਹੇਠ ਦੱਬ ਚੁੱਕਾ ਸੀ ਜਿਸ ਨੂੰ ਕੱਢਣ ਲਈ ਮਲਬਾ ਹਟਾਉਣਾ ਅਤੇ ਜ਼ਖਮੀ ਕਰਮਚਾਰੀਆਂ ਨੂੰ ਇਮਾਰਤ ਤੋਂ ਬਾਹਰ ਕੱਢਣ ਲਈ ਦੂਜੀ ਕਰੇਨ ਦੀ ਵਰਤੋਂ ਕਰਨੀ ਪਈ। ਉਨ੍ਹਾਂ ਕਿਹਾ ਕਿ ਵਰਕਰਾਂ ਨੂੰ ਫਿਲਹਾਲ ਕੋਈ ਜਾਨ ਦਾ ਖਤਰਾ ਨਹੀਂ ਹੈ ਅਤੇ ਉਨ੍ਹਾਂ ਨੂੰ ਇਲ਼ਾਜ ਲਈ ਤੁਰੰਤ ਹਸਪਤਾਲ ਭੇਜ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਹਦਸੇ ਦੀ ਜਾਂਚ ਲਈ ਅਗਲਾ ਕਦਮ ਵਰਕਸੇਫ ਬੀ ਸੀ ਵਲੋਂ ਚੁੱਕਿਆ ਗਿਆ ਹੈ ਪੜਤਾਲ ਕੀਤੀ ਜਾ ਰਹੀ ਹੈ। ਫਸਟ ਬੈਪਟਿਸਟ ਚਰਚ ਅਤੇ ਬਟਰਫਲਾਈ ਦੇ ਨਾਂ ਨਾਲ ਜਾਣੀ ਜਾਂਦੀ ਇਮਾਰਤ ਦੀ ਸਾਈਟ 'ਤੇ ਹੋਰ ਵਰਕਰਾਂ ਨੂੰ ਨੂੰ ਮਾਮੂਲੀ ਸੱਟਾਂ ਲੱਗੀਆਂ ਜਿਨ੍ਹਾਂ ਨੂੰ ਹਸਪਤਾਲ ਲਿਜਾਣ ਤੋਂ ਬਾਅਦ ਘਰ ਭੇਜ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਚਰਚ ਦੀ ਇਮਰਾਤ ਨੂੰ ਭੂਚਾਲ ਤੋਂ ਸਰੁੱਖਿਅਤ ਕਰਨ ਲਈ ਅੱਪਗਰੇਡ ਦਾ ਕੰਮ ਚੱਲ ਰਿਹਾ ਹੈ। ਹਾਸਦੇ ਕਾਰਨ ਡਾਊਨਟਾਊਨ ਸਾਈਟ ਦੇ ਨੇੜੇ ਲੰਬਾ ਸਮਾਂ ਟ੍ਰੈਫਿਕ ਬੰਦ ਰਿਹਾ ਜਿਸ ਕਾਰਨ ਲੋਕਾਂ ਨੂੰ ਵੀ ਕਾਫੀ ਪ੍ਰੇਸ਼ਾਨੀ ਉਠਾਉਣੀ ਪਈ।

## ਰੇਲ ਅਤੇ ਟਿਊਬ ਸ.ਫਰ ਦੌਰਾਨ ਇੱਕ ਤਿਹਾਈ ਤੋਂ ਵੱਧ ਔਰਤਾਂ ਜਿਨਸੀ ਤੌਰ 'ਤੇ ਪਰੇਸ਼ਾਨ : ਸਰਵੇਖਣ




ਵੈਨਕੂਵਰ : ਬ੍ਰਿਟਿਸ਼ ਟਰਾਂਸਪੋਰਟ ਪੁਲਿਸ (ਬੀਟੀਪੀ) ਦੁਆਰਾ ਸ਼ੁਰੂ ਕੀਤੇ ਗਏ ਨਵੇਂ ਡੇਟਾ ਨੇ ਖੁਲਾਸਾ ਕੀਤਾ ਹੈ ਕਿ ਰੇਲਵੇ ਦੁਆਰਾ ਯਾਤਰਾ ਕਰਨ ਵਾਲੀਆਂ ਸਾਰੀਆਂ ਬ੍ਰਿਟਿਸ਼ ਔਰਤਾਂ ਵਿੱਚੋਂ ਇੱਕ ਤਿਹਾਈ ਤੋਂ ਵੱਧ ਉਨ੍ਹਾਂ ਦੇ ਸਫ਼ਰ ਦੌਰਾਨ ਹਮਲਾ ਕੀਤੇ ਜਾਣ ਦੀ ਸੰਭਾਵਨਾ ਹੈ। ਭਠਫ ਡੇਟਾ ਇਹ ਵੀ ਦਰਸਾਉਂਦਾ ਹੈ ਕਿ ਜਿਆਦਾਤਰ ਹਮਲੇ ਸ਼ਾਮ ਦੇ ਭੀੜ-ਭੜੱਕੇ ਦੇ ਸਮੇਂ ਦੌਰਾਨ ਹੁੰਦੇ ਹਨ ਜਦੋਂ ਰੇਲਗੱਡੀਆਂ ਭਰੀਆਂ ਅਤੇ ਵਿਅਸਤ ਹੁੰਦੀਆਂ ਹਨ। ਅਸਵੀਕਾਰਨਯੋਗ ਵਿਵਹਾਰ ਜਿਵੇਂ ਕਿ ਲੀਰਿੰਗ, ਕੈਟਕਾਲਿੰਗ, ਛੋਹਣਾ, ਦਬਾਉਣ, ਉੱਪਰ ਚੁੱਕਣਾ ਜਾਂ ਅਸ਼ਲੀਲ ਐਕਸਪੋਜਰ ਦਾ ਪਹਿਲਾਂ ਨਾਲੋਂ ਜਿਆਦਾ ਅਨੁਭਵ ਕੀਤਾ ਜਾ ਰਿਹਾ ਹੈ, 51% ਔਰਤਾਂ ਪੀੜਤਾਂ ਨੇ ਕਿਹਾ ਕਿ ਹੋਰ ਰੇਲ ਯਾਤਰੀਆਂ ਨੇ ਮਦਦ ਕਰਨ ਦੀ ਕੋਸਸ਼ਿ ਕਰਨ ਲਈ ਦਖਲ ਦਿੱਤਾ। ਹਾਲਾਂਕਿ, ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਦੇ ਗਵਾਹ ਹੋਣ ਵਾਲੇ ਪੰਜ ਵਿਅਕਤੀਆਂ ਵਿੱਚੋਂ ਸਿਰਫ਼ ਇੱਕ ਨੇ ਪੁਲਿਸ ਨੂੰ ਇਸਦੀ ਰਿਪੋਰਟ ਕੀਤੀ ਹੈ।

ਬੀਟੀਪੀ ਡਿਟੈਕਟਿਵ ਦੇ ਚੀਫ ਸੁਪਰਡੈਂਟ ਪੌਲ ਫਰਨੇਲ ਨੇ ਕਮਿਊਨਿਟੀ ਨੂੰ ਰੇਲ ਜਾਂ ਟਿਊਬ ਨੂੰ ਫੜਦੇ ਸਮੇਂ ਇੱਕ ਦੂਜੇ ਲਈ ਸਾਵਧਾਨ ਰਹਿਣ ਅਤੇ ਖੜ੍ਹੇ ਹੋਣ ਲਈ ਕਿਹਾ। ਮੈਂ ਗਾਰੰਟੀ ਦੇਵਾਂਗਾ ਕਿ ਸਾਡੇ ਵਿੱਚੋਂ ਬਹੁਤਿਆਂ ਨੇ ਸਾਡੀਆਂ ਧੀਆਂ, ਮਾਵਾਂ, ਜਾਂ ਦੋਸਤਾਂ ਨੂੰ ਕਿਹਾ ਹੈ ਕਿ ਉਹ ਦੇਰ ਰਾਤ ਨੂੰ ਇਕੱਲੇ ਸਫ਼ਰ ਕਰਨ ਵੇਲੇ ਆਪਣੇ ਘਰ ਜਾਂਦੇ ਸਮੇਂ ਸਾਵਧਾਨ ਰਹਿਣ। ਪਰ ਅਸੀਂ ਜਾਣਦੇ ਹਾਂ ਕਿ ਜਿਨਸੀ ਉਤਪੀੜਨ ਅਤੇ ਅਪਰਾਧ ਦਿਨ ਦੇ ਕਿਸੇ ਵੀ ਸਮੇਂ ਹੋ ਸਕਦੇ ਹਨ, ਅਤੇ ਸਾਡੇ ਅੰਕੜੇ ਦਰਸਾਉਂਦੇ ਹਨ ਕਿ ਇਹ ਸਭ ਤੋਂ ਵੱਧ ਵਿਅਸਤ ਘੰਟਿਆਂ ਵਿੱਚ ਵਾਪਰਨ ਦੀ ਸੰਭਾਵਨਾ ਹੈ ਜਦੋਂ ਗੱਡੀਆਂ ਸਭ ਤੋਂ ਭਰੀਆਂ ਹੁੰਦੀਆਂ ਹਨ। ਇਸਦਾ ਮਤਲਬ ਹੈ ਕਿ ਸਾਡੇ ਸਾਰਿਆਂ ਕੋਲ ਆਪਣੇ ਫ਼ੋਨਾਂ ਜਾਂ ਅਖ਼ਬਾਰਾਂ ਵਿੱਚੋਂ ਆਪਣਾ ਸਿਰ ਕੱਢਣ ਅਤੇ ਸਾਡੇ ਆਲੇ ਦੁਆਲੇ ਕੀ ਹੋ ਰਿਹਾ ਹੈ ਬਾਰੇ ਜਾਣੂ ਹੋਣ ਵਿੱਚ ਇੱਕ ਭੂਮਿਕਾ ਹੈ ਅਤੇ ਜੇਕਰ ਅਸੀਂ ਕੁਝ ਅਜਿਹਾ ਦੇਖਦੇ ਹਾਂ ਜੋ ਸਹੀ ਨਹੀਂ ਹੈ, ਇਸ ਬਾਰੇ ਕੁਝ ਕਰਨਾ, ਭਾਵੇਂ ਉਹ ਦਖਲਅੰਦਾਜ਼ੀ ਹੋਵੇ, ਜੇਕਰ ਤੁਸੀਂ ਅਜਿਹਾ ਕਰਨਾ ਸੁਰੱਖਿਅਤ ਮਹਿਸੂਸ ਕਰਦੇ ਹੋ ਜਾਂ ਪੁਲਿਸ ਨੂੰ ਰਿਪੋਰਟ ਕਰਦੇ ਹੋ।

# ਹਫ਼ਤਾਵਾਰੀ ਪ੍ਰੀਤਨਾਮਾ

**Weekly Preetnama**

www.preetnama.com
+1 (201) 312-4180



**PRITPAL KAUR**
Editor-In-Chief
+1 201-312-4180
+1 917-328-8436

**ADVISORY BOARD**

ਜੋਗਾ ਸਿੰਘ
******************************
ਜਸਵਿੰਦਰ ਸਿੰਘ ਨਿਊਜਰਸੀ
******************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
******************************
ਜੀ. ਐਸ ਸਿੰਘ ਪੰਜਾਬ
******************************
ਸੁਜਾਨ ਨਾਗ, ਯੂ.ਐਸ.ਏ.
******************
ਸਰਬਜੀਤ ਕੌਰ ਪੰਜਾਬ
*********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
******************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਪੰਜਾਬੀ ਬੋਲੀ ਦੇ ਭਵਿੱਖ 'ਤੇ ਨਜ਼ਰ

ਪੰਜਾਬ ਦੀ ਧਰਤੀ ਉਪਜਾਊ ਅਤੇ ਵਿਲੱਖਣ ਰਣਨੀਤਕ ਟਿਕਾਣੇ 'ਤੇ ਹੋਣ ਕਰਕੇ ਇੱਥੋਂ ਦਾ ਇਤਿਹਾਸ ਕਿੰਨੀਆਂ ਹੀ ਸੱਭਿਅਤਾਵਾਂ, ਧਰਮਾਂ ਅਤੇ ਸਾਮਰਾਜਾਂ ਦੇ ਵਿਖਿਆਨਾਂ ਨਾਲ ਭਰਿਆ ਹੋਇਆ ਹੈ। ਸਿੰਧ ਘਾਟੀ ਦੀ ਸੱਭਿਅਤਾ ਤੋਂ ਲੈ ਕੇ ਆਧੁਨਿਕ ਵਿਸ਼ਵ-ਪ੍ਰਧਾਨ ਯੁੱਗ ਤੀਕਰ ਇਹ ਧਰਤੀ ਦੂਰ ਦੁਰਾਡੇ ਦੇ ਵਪਾਰੀਆਂ, ਵਿਦਵਾਨਾਂ ਅਤੇ ਯਾਤਰੂਆਂ ਨੂੰ ਆਕਰਸ਼ਕ ਕਰਦੀ ਰਹੀ ਹੈ। ਸਿੱਟੇ ਵਜੋਂ ਪੰਜਾਬ ਦੀ ਸੱਭਿਅਤਾ ਵੱਖੋ ਵੱਖਰੇ ਰੰਗਾਂ ਨਾਲ ਬੁਣੀ ਫੁਲਕਾਰੀ ਹੈ ਜਿਸਦੀ ਰੂਹ ਅਤੇ ਦਿਲਾਂ ਦੀ ਧੜਕਣ ਇੱਥੋਂ ਦੀ ਸੁਰੀਲੀ ਪੰਜਾਬੀ ਬੋਲੀ ਹੈ। ਨੈਤਿਕ ਕਦਰਾਂ ਕੀਮਤਾਂ, ਮਾਣ ਤੇ ਸੰਗੀਤ ਨਾਲ ਗੁੰਦੀ ਇਹ ਬੋਲੀ ਕਰੋੜਾਂ ਲੋਕਾਂ ਦੇ ਵਿਰਸੇ ਦਾ ਇੱਕ ਅਟੁੱਟ ਅੰਗ ਹੈ।

ਲਗਾਤਾਰ ਬਦਲਦੇ ਵਕਤ ਨਾਲ ਹਰ ਬੋਲੀ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਬੋਲੀ ਨੂੰ ਪਿਆਰ ਕਰਨ ਵਾਲਿਆਂ ਦੇ ਮਨਾਂ 'ਚ ਨਵੇਂ ਸ਼ੰਕੇ ਉਪਜਣੇ ਸ਼ੁਰੂ ਹੋ ਜਾਂਦੇ ਹਨ। ਪਿਛਲੇ ਪੰਜਾਹ ਕੁ ਸਾਲਾਂ ਵਿੱਚ ਸਾਇੰਸ ਅਤੇ ਤਕਨੀਕ ਨੇ ਅਜਿਹੀ ਸਪੀਡ ਨਾਲ ਤਰੱਕੀ ਕੀਤੀ ਹੈ ਕਿ ਇਹ ਨਿੱਕਾ ਸਮਾਂ ਆਪਣੇ ਆਪ ਵਿੱਚ ਇੱਕ ਯੁੱਗ ਬਣ ਗਿਆ ਹੈ। ਐਨੀ ਤਰੱਕੀ ਦੁਨੀਆ ਨੇ ਪਹਿਲੇ ਹਜ਼ਾਰ ਸਾਲਾਂ ਵਿੱਚ ਵੀ ਨਹੀਂ ਸੀ ਵੇਖੀ। ਇਸ ਤੇਜ਼ ਬਦਲਦੀ ਦੁਨੀਆ ਨਾਲ ਕਿਹੜੀ ਬੋਲੀ ਬਚੇਗੀ ਅਤੇ ਕਿਹੜੀ ਖਤਮ ਹੋ ਜਾਵੇਗੀ, ਵਰਗੇ ਸੁਆਲ ਪੈਦਾ ਹੋਣੇ ਕੁਦਰਤੀ ਹਨ। ਪੰਜਾਬੀ ਦੇ ਬੁੱਧੀਜੀਵੀਆਂ ਅਤੇ ਪੰਜਾਬੀ ਵਿਰਸੇ ਨਾਲ ਮੋਹ ਰੱਖਣ ਵਾਲਿਆਂ ਵਿੱਚ ਵੀ ਪੰਜਾਬੀ ਬੋਲੀ ਦੇ ਭਵਿੱਖ ਨੂੰ ਲੈ ਕੇ ਇੱਕ ਅਜੀਬ ਜਿਹਾ ਡਰ ਤੇ ਅਣਸੁਖਾਵਾਂਪਣ ਨਜ਼ਰ ਆਉਂਦਾ ਹੈ। ਵਿਸ਼ਵੀਕਰਨ ਦੇ ਹੋ ਰਹੇ ਬੇਲਗਾਮ ਵਾਧੇ ਕਾਰਨ ਹੋਰਨਾਂ ਬੋਲੀਆਂ ਖ਼ਾਸਕਰ ਅੰਗਰੇਜ਼ੀ ਸ਼ਬਦਾਂ ਦਾ ਪੰਜਾਬੀ 'ਚ ਵੜਨਾ ਕਿਸੇ ਤੋਂ ਲੁਕਿਆ ਨਹੀਂ ਹੈ। ਬਹੁਤਿਆਂ ਨੂੰ ਲੱਗਦਾ ਹੈ ਕਿ ਅੰਗਰੇਜ਼ੀ ਦੀ ਇਸ



ਘੁਸਪੈਠ ਕਾਰਨ ਪੰਜਾਬੀ ਦੀ ਸ਼ੁੱਧਤਾ, ਵਿਲੱਖਣਤਾ ਅਤੇ ਰੂਹ ਪਤਲੇ ਹੋ ਰਹੇ ਹਨ। ਸ਼ੁੱਧਤਾ-ਪੱਖੀ ਅਤੇ ਪਰੰਪਰਾਗਤ ਵਿਦਵਾਨਾਂ ਦੀ ਰਾਇ ਹੈ ਕਿ ਪੰਜਾਬੀ ਦੀ ਪਵਿੱਤਰਤਾ ਨੂੰ ਬਚਾਉਣ ਲਈ ਸਾਡੇ ਲਈ ਜ਼ਰੂਰੀ ਹੈ ਕਿ ਆਪਾਂ ਇਸ ਨੂੰ ਹੋਰਨਾਂ ਬੋਲੀਆਂ ਦੇ ਅਸਰ ਤੋਂ ਬਚਾ ਕੇ ਰੱਖੀਏ ਤੇ ਉਨ੍ਹਾਂ ਗ਼ੈਰ ਸ਼ਬਦਾਂ ਨੂੰ ਪੰਜਾਬੀ ਬੋਲੀ ਵਿੱਚ ਵੜ ਕੇ ਆਪਣੀ ਜ਼ੁਬਾਨ ਨੂੰ ਗੰਧਲਾ ਨਾ ਕਰਨ ਦੇਈਏ। ਉਨ੍ਹਾਂ ਦੀ ਰਾਇ ਹੈ ਕਿ ਬੋਲੀ ਦਾ ਸੁਹੱਪਣ ਤੇ ਪਾਕੀਜ਼ਗੀ ਸਿਰਫ਼ ਉਸ ਦੇ ਸ਼ੁੱਧ ਰੂਪ ਵਿੱਚ ਹੀ ਮਹਿਸੂਸ ਕੀਤੇ ਜਾ ਸਕਦੇ ਹਨ। ਜੇਕਰ ਬਾਹਰਲੀਆਂ ਭਾਸ਼ਾਵਾਂ ਬੋਲੀ ਨੂੰ ਪਤਲਾ ਕਰ ਦੇਣ ਤਾਂ ਬੋਲੀ ਨਾਂਮਾਤਰ ਦੀ ਬੋਲੀ ਬਣ ਕੇ ਰਹਿ ਜਾਂਦੀ ਹੈ।

ਇੱਥੇ ਇੱਕ ਬਹੁਤ ਸੰਜੀਦਾ ਸਵਾਲ ਪੈਦਾ ਹੁੰਦਾ ਹੈ-ਕੀ ਸਖ਼ਤਾਈ ਨਾਲ ਸਾਂਭੀ ਸ਼ੁੱਧਤਾ ਪੰਜਾਬੀ ਭਾਸ਼ਾ ਲਈ ਵਧੀਆ ਭਵਿੱਖ ਹੈ ? ਇਸ ਆਧੁਨਿਕਤਾ ਅਤੇ ਪਰੰਪਰਾ ਵਾਲੇ ਚੁਰੱਸਤੇ 'ਤੇ ਖੜ੍ਹਿਆਂ ਇਹ ਜ਼ਰੂਰੀ ਹੈ ਕਿ ਆਪਾਂ ਭਾਸ਼ਾਈ ਵਿਕਾਸ ਦੀ ਪ੍ਰੀਕਿਰਿਆ ਅਤੇ ਲੋੜ ਉੱਤੇ ਇੱਕ ਖੁੱਲ੍ਹੀ ਨਜ਼ਰ ਮਾਰੀਏ। ਬਿਨਾਂ ਸ਼ੱਕ ਇਹ ਜ਼ਰੂਰੀ ਹੈ ਕਿ ਸਾਨੂੰ ਆਪਣੀ ਬੋਲੀ ਦੀਆਂ ਨੀਹਾਂ ਦੀ ਕਦਰ ਕਰਨੀ ਅਤੇ ਉਨ੍ਹਾਂ ਨੂੰ ਸਾਂਭਣਾ ਚਾਹੀਦਾ ਹੈ, ਪਰ ਸਾਨੂੰ ਇਹ ਅਹਿਸਾਸ ਹੋਣਾ ਜ਼ਰੂਰੀ ਹੈ ਕਿ ਬੋਲੀਆਂ ਬੇਜਾਨ ਚੀਜ਼ਾਂ ਨਹੀਂ ਹੁੰਦੀਆਂ-ਇਹ ਵੀ ਸਾਡੇ ਵਾਂਗ ਜਿਉਂਦੀਆਂ ਜਾਗਦੀਆਂ ਹਨ। ਇਹ ਵੀ ਸਾਹ ਲੈਂਦੀਆਂ, ਵਧਦੀਆਂ, ਫੁੱਲਦੀਆਂ ਨੇ ਤੇ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਦੇ ਬਦਲਦੇ ਵਾਤਾਵਰਨ ਦੇ ਅਨੁਸਾਰ ਢਾਲਦੀਆਂ ਹਨ। ਜਿਵੇਂ ਜਿਵੇਂ ਵਿਸ਼ਵੀਕਰਨ ਦੁਨੀਆ ਦੀਆਂ ਸੱਭਿਅਤਾਵਾਂ ਨੂੰ ਇਕੱਠਾ ਕਰਦਾ ਜਾ ਰਿਹਾ ਹੈ, ਕੀ ਇਹ ਸੰਭਵ ਨਹੀਂ ਕਿ ਨਵੇਂ ਸ਼ਬਦਾਂ ਨੂੰ ਅਪਣਾਉਣ ਨਾਲ ਪੰਜਾਬੀ ਸਗੋਂ ਨਰੋਈ ਹੋਵੇਗੀ। ਆਉਣ ਵਾਲੀਆਂ ਨਸਲਾਂ ਨੂੰ ਵੱਧ ਚੰਗੀ ਲੱਗੇਗੀ ਅਤੇ ਨਵੀਂ ਜੁੜਦੀ ਦੁਨੀਆ ਵਿੱਚ ਆਪਣੀ ਥਾਂ ਬਣਾ ਕੇ ਰੱਖੇਗੀ ? ਤਬਦੀਲੀ ਭਾਸ਼ਾਵਾਂ ਦਾ ਕੁਦਰਤੀ ਸੁਭਾਅ ਹੈ। ਬੋਲੀਆਂ ਕਿਸੇ ਸਥਾਈ ਚਟਾਨ ਵਾਂਗ ਨਹੀਂ ਹੁੰਦੀਆਂ, ਜਿਹੜੀਆਂ ਗੁਜ਼ਰਦੇ ਵਕਤ ਤੋਂ ਬੇਖ਼ਬਰ ਇੱਕ ਥਾਂ ਟਿਕੀਆਂ ਰਹਿਣ। ਇਹ ਤਾਂ ਉਸ ਸ਼ੀਸ਼ੇ ਵਾਂਗ ਹੁੰਦੀਆਂ ਹਨ ਜਿਸ ਵਿੱਚ ਆਪਾਂ ਇਨਸਾਨ ਦੇ ਸਫ਼ਰ ਦੀਆਂ ਸੱਭਿਅਕ, ਰਾਜਨੀਤਕ, ਆਰਿਥਕ ਤਬਦੀਲੀਆਂ ਅਤੇ ਜੱਦੋਜਹਿਦ ਨੂੰ ਵੇਖ ਸਕਦੇ ਹਾਂ। ਬੋਲੀਆਂ ਵੀ ਜਿਉਂਦੇ ਜੀਵ ਜੰਤੂਆਂ ਦੇ ਵਾਂਗ ਤਬਦੀਲੀ ਦੇ ਬਹਾਅ ਵਿੱਚ ਫਸੀਆਂ ਹਨ ਅਤੇ ਇਨਸਾਨੀ ਵਿਕਾਸ ਦੇ ਨਾਲ ਨਾਲ ਆਪਣਾ ਰੂਪ ਬਦਲਦੀਆਂ ਰਹਿੰਦੀਆਂ ਹਨ। ਬੋਲੀ ਦਾ ਹਰ ਸੁਰ, ਹਰ ਸ਼ਬਦ, ਹਰ ਵਾਕ-ਰਚਨਾ ਹਜ਼ਾਰਾਂ ਮਨੁੱਖੀ ਤਜਰਬਿਆਂ, ਰੂਪਾਂਤਰਾਂ ਅਤੇ ਮਿਲਵਰਤਣਾਂ ਦੀ ਪੈੜ ਹੁੰਦਾ ਹੈ। ਇਸ ਤਬਦੀਲੀ ਦਾ ਮਤਲਬ ਇਹ ਨਹੀਂ ਕਿ ਪੰਜਾਬੀ ਪਤਲੀ ਹੋ ਰਹੀ ਹੈ ਜਾਂ ਆਪਾ ਗਵਾ ਰਹੀ ਹੈ। ਇਹ ਤਾਂ ਪੰਜਾਬੀਆਂ ਦੇ ਉਸ ਉਤੇਜਿਤ ਸਫ਼ਰ ਦੀ ਕਹਾਣੀ ਹੈ ਜਿਸ ਵਿੱਚ ਉਹ ਵੰਨ ਸੁਵੰਨੇ ਖਿਆਲਾਂ ਨਾਲ ਖੇਡਦੇ, ਤਕਨੀਕੀ ਵਿਕਾਸ ਨਾਲ ਮੋਢਾ ਡਾਹੁੰਦੇ ਅਤੇ ਵੱਖੋ ਵੱਖਰੀਆਂ ਸੱਭਿਅਤਾਵਾਂ ਨਾਲ ਮੋਢੇ ਘਸਾਉਂਦੇ ਰਹੇ ਹਨ। ਬੋਲੀ ਦਾ ਲਗਾਤਾਰ ਵਿਕਾਸ, ਬੋਲੀ ਦੀ ਜਿਊਣ-ਸ਼ਕਤੀ ਅਤੇ ਲਚਕੀਲੇਪਣ ਦੀ ਨਿਸ਼ਾਨੀ ਹੁੰਦਾ ਹੈ ਕਿ ਕਿਵੇਂ ਉਹ ਬੋਲੀ ਪੂਰੀ ਧੜਕਣ ਨਾਲ ਜ਼ਿੰਦਾ ਰਹਿ ਸਕਦੀ ਹੈ ਅਤੇ ਆਪਣੇ ਪੁਰਾਣੇ ਨੂੰ ਸਾਂਭਦੀ, ਨਵੇਂ ਨੂੰ ਗਲਵੱਕੜੀ ਵਿੱਚ ਲੈ ਸਕਦੀ ਹੈ। ਤੁਲਨਾਤਮਕ ਤੌਰ 'ਤੇ ਆਪਾਂ ਅੰਗਰੇਜ਼ੀ ਬੋਲੀ ਵੱਲ ਨਜ਼ਰ ਮਾਰਦੇ ਹਾਂ। ਜੇਕਰ ਆਪਾਂ ਐਲਿਜ਼ਾਬੈਥ ਦੌਰ ਦੇ ਇੰਗਲੈਂਡ ਵਿੱਚ ਇੱਕ ਫੇਰੀ ਮਾਰੀਏ ਤਾਂ ਸ਼ੇਕਸਪੀਅਰ ਦੇ 'ਸਮਾਂ-ਮੁਕਤ' ਡਰਾਮੇ ਮੁਲਕ ਦੇ ਥੀਏਟਰਾਂ 'ਚ ਖੇਡੇ ਜਾਂਦੇ ਮਿਲਣਗੇ, ਪਰ ਉਹ ਅੰਗਰੇਜ਼ੀ, ਅੱਜ ਦੇ ਇੱਕੀਵੀਂ ਸਦੀ ਦੇ ਅੰਗਰੇਜ਼ੀ ਕੰਨਾਂ ਨੂੰ ਇੱਕ ਵਿਦੇਸ਼ੀ ਬੋਲੀ ਲੱਗਦੀ ਹੈ। ਸ਼ੇਕਸਪੀਅਰ ਦੇ ਡਰਾਮਿਆਂ ਦੀ ਉਹ ਵਿਸਥਾਰਪੂਰਵਕ, ਭਰਪੂਰ ਸ਼ੈਲੀ, ਵਿਲੱਖਣ ਧੁਨ, ਸ਼ਬਦਾਵਲੀ, ਲਹਿਜ਼ਾ, ਅਜੋਕੀ ਅੰਗਰੇਜ਼ੀ ਬੋਲਣ ਵਾਲੇ ਲਈ ਇੱਕ ਚੁਣੌਤੀ ਹੈ ਤੇ ਇਸ ਪਏ ਵਕਤੀ ਪਾੜ ਨੂੰ ਅਨੁਵਾਦਾਂ ਰਾਹੀਂ ਪੂਰਾ ਕੀਤਾ ਜਾਂਦਾ ਹੈ। ਪਰ ਕੀ ਇਸ ਪਾੜ ਨੂੰ ਅੰਗਰੇਜ਼ੀ ਬੋਲਣ ਵਾਲੇ ਡਰ ਜਾਂ ਖ਼ਤਰੇ ਵਾਲੀ ਐਨਕ ਨਾਲ ਵੇਖਦੇ ਨੇ ਅਤੇ ਉਹਦੀ ਸ਼ੁੱਧਤਾ 'ਤੇ ਸ਼ੱਕ ਕਰਦੇ ਹਨ ? ਨਹੀਂ, ਸੱਚਾਈ ਸਗੋਂ ਉਸ ਦੇ ਉਲਟ ਹੈ। ਅੰਗਰੇਜ਼ੀ ਜ਼ੁਬਾਨ ਦੇ ਇਸ ਬਦਲਦੇ ਰੂਪ ਨੇ ਅੰਗਰੇਜ਼ੀ ਬੋਲੀ ਨੂੰ ਅਤੇ ਉਸ ਦੀ ਹੋਂਦ ਨੂੰ ਪਤਲਾ ਨਹੀਂ ਕੀਤਾ; ਇਹ ਤਬਦੀਲੀ ਤਾਂ ਸਗੋਂ ਅੰਗਰੇਜ਼ੀ ਦੇ ਅਨੋਖੇ ਸਫ਼ਰ ਦੀ ਇੱਕ ਦਿਲਚਸਪ ਕਹਾਣੀ ਬਣ ਗਈ ਹੈ। ਨਾਲ ਹੀ ਇਹ ਤਬਦੀਲੀ ਇਸ ਗੱਲ ਦੀ ਸਬੂਤ ਹੈ ਕਿ ਕਿਵੇਂ ਮੱਧਕਾਲੀ ਮਹਾਰਾਜਿਆਂ ਦੀਆਂ ਅਦਾਲਤਾਂ ਤੋਂ ਲੈ ਕੇ ਅਜੋਕੇ ਡਿਜੀਟਲ ਪਲੈਟਫਾਰਮ ਤੀਕਰ, ਅੰਗਰੇਜ਼ੀ ਜ਼ੁਬਾਨ ਆਪਣੇ ਆਪ ਨੂੰ ਵਾਤਾਵਰਨ ਦੇ ਅਨੁਕੂਲ ਬਣਾਉਂਦੀ, ਉਸ ਵਿੱਚ ਘੁਲਮਿਲ ਜਾਂਦੀ ਅਤੇ ਵਿਕਾਸ ਦਾ ਹਿੱਸਾ ਬਣਦੀ ਰਹੀ ਏ। ਅੰਗਰੇਜ਼ੀ ਦਾ ਇਤਿਹਾਸ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਕਿਵੇਂ ਇਹ ਲਾਤੀਨੀ, ਫਰਾਂਸੀਸੀ, ਜਰਮਨ ਤੇ ਹੋਰ ਅਨੇਕਾਂ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਆਪਣੇ ਆਪ ਵਿੱਚ ਸਮਾਉਂਦੀ ਅਤੇ ਉਨ੍ਹਾਂ ਸ਼ਬਦਾਂ ਨੂੰ ਆਪਣੇ ਰੂਪ ਵਿੱਚ ਰੰਗਦੀ ਰਹੀ ਹੈ। ਅੰਗਰੇਜ਼ੀ ਦੀ ਦੂਜੀਆਂ ਭਾਸ਼ਾਵਾਂ ਨਾਲ ਇੱਕਮਿੱਕ ਹੋਣ ਅਤੇ ਉਨ੍ਹਾਂ ਦੇ ਸ਼ਬਦਾਂ ਨੂੰ ਆਪਣੇ ਰੂਪ ਵਿੱਚ ਢਾਲ਼ ਲੈਣ ਦੀ ਸਮਰੱਥਾ ਇਸ ਬੋਲੀ ਦੇ ਤਕੜੇਪਣ ਅਤੇ ਬਹੁਰੂਪਤਾ ਦਾ ਸਬੂਤ ਹੈ। ਵਿਸ਼ਵਕਰਨੀ ਤਬਦੀਲੀਆਂ ਦੇ ਭਾਰ ਥੱਲੇ ਆ, ਖਤਮ ਹੋਣ ਦੀ ਜਗ੍ਹਾ ਅੰਗਰੇਜ਼ੀ ਜ਼ੁਬਾਨ ਵਧਦੀ ਫੁੱਲਦੀ ਗਈ, ਬੇਲੋੜੀ ਹੋਣ ਤੋਂ ਬਚਣ ਲਈ ਬਦਲਦੀ ਗਈ, ਲੋਕਾਂ ਦੇ ਕੰਮ ਆਉਂਦੀ ਗਈ ਤੇ ਦੁਨੀਆ ਦੀਆਂ ਦੂਰ ਦੁਰੇਡੀਆਂ ਥਾਵਾਂ ਤੀਕਰ ਪ੍ਰਭਾਵਸ਼ਾਲੀ ਬਣੀ ਰਹੀ। ਬੋਲੀਆਂ, ਮਨੁੱਖੀ ਭਾਵਨਾਵਾਂ ਨੂੰ ਪੇਸ਼ ਕਰਨ ਤੇ ਉਨ੍ਹਾਂ ਦੀ ਵਿਆਖਿਆ ਕਰਨ ਦਾ ਇੱਕ ਜ਼ਰੀਆ ਹੁੰਦੀਆਂ ਹਨ। ਹਰ ਬੋਲੀ ਇੱਕ ਗੁੰਝਲਦਾਰ ਤਾਣਾਬਾਣਾ ਹੁੰਦੀ ਹੈ ਜਿਹੜੀ ਪ੍ਰਚੱਲਤ ਸ਼ਬਦਾਂ ਦੀ ਵਰਤੋਂ, ਵੱਖੋ ਵੱਖਰੇ ਰੰਗਾਂ ਅਤੇ ਸਾਈਜ਼ ਵਾਲੇ ਮਣਕਿਆਂ ਦੇ ਤੌਰ 'ਤੇ ਕਰਦੀ ਹੈ।




Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 228 | Website: www.preetnama.com Email preetnamausa@gmail.com | 01 DEC TO 07 DEC, 2023

# विश्व हिन्दू कांग्रेस का सम्मेलन एवं बैंकाक का कनेक्षन



**भागवत ने कहा कि अंग्रेजों के बनाए गए कानून को बदलना होगा। इस दिशा में प्रयास चल रहा है। अंग्रेजों के तंत्र में बहुत सारी गड़बड़ियां हैं। तंत्र को भारत के आधार पर रचने की आवश्यकता है।**

**– राकेश अचल**

बैंकॉक में तीन दिवसीय विश्व हिंदू कांग्रेस का सम्मेलन सम्पन्न हो गया और इसकी गूँज पांच राज्यों के विधानसभा चुनावों के प्रचार में नहीं सुनाई नहीं दी ,ये हैरानी की बात है । कम से कम तेलंगाना में तो इसे सुनाई देना था । वहां अभी चुनाव प्रचार चल रहा है।तेलंगाना के तिलों में कितना तेल है इसका पता भी शायद इस सम्मेलन के निर्णयों की गूँज से पता चल जाता।

बैंकाक दुनिया में किस बात के लिए मशहूर या बदनाम है ये बताने की जरूरत नहीं है । कम से कम भारत के लोगों को तो बैंकाक के बारे में गहरी जानकारियां हैं । यहां दुनिया की अधिकतर व्यापारिक कंपनियां अपने अफसरों को ,कारिंदों को मनोरंजन के लिए भेजतीं हैं ताकि वे तरोताजा होकर ज्यादा स्फूर्ति के साथ कामकाज में अपना दिल लगाएं। लेकिन यहां विश्व हिन्दू कांग्रेस का सम्मेलन भी हो सकता है ये मेरे लिए अकल्पनीय है। विहिका ने यहां न सिर्फ सम्मेलन किया बल्कि हिंदू संगठनों के बीच एकता को मजबूत करने के संकल्प भी लिया इस दौरान सनातन धर्म के खिलाफ आंतरिक नफरत और पूर्वाग्रहों का प्रभावी ढंग से मुकाबला करने का संकल्प भी लिया गया। विश्व हिन्दू कांग्रेस में 61 देशों के 2100 से अधिक प्रतिनिधियों ने सम्मेलन में हिस्सा लिया।अब अगली विश्व हिंदू कांग्रेस 2026 को मुंबई में आयोजित की जाएगी।

ये काम यदि इसी वर्ष कर लिया जाता तो भारत और भारतीय जनता पार्टी को सबसे ज्यादा फायदा होता ,क्योंकि इस समय भारत में पांच राज्यों के चुनाव हैं लेकिन भाजपा का नसीब की ऐसा हो नहीं पाया। भारत के हिन्दुओं को मोहन जी कोई भागवत का रसास्वादन करने का अवसर भी नहीं मिला । विश्व हिन्दू कांग्रेस का उद्घाटन शुक्रवार को आरएसएस प्रमुख मोहन भागवत ने किया था, आध्यात्मिक नेता माता अमृतानंदमयी देवी ने समापन । आरएसएस प्रमुख डॉ मोहन भागवत ने दुनिया भर में रहने वाले हिंदुओं से लोगों के साथ अपने रिश्ते मजबूत करने की अपील की। उन्होंने कहा कि हिंदू धर्म शांति और खुशी का मार्ग खोलता है और संपूर्ण मानवता को सभी प्राणियों के अस्तित्व की आत्मा मानता है। आपको बता दें कि विश्व हिंदू कांग्रेस के संस्थापक स्वामी विज्ञानानंद हैं। वे कांग्रेसी हैं या संघी ये जानना जरूरी नहीं है। उन्होंने कहा,कि कोविड महामारी के दौरान हिंदुओं तक पहुंचने की प्रक्रिया धीमी हो गई थी। हम अब इस प्रक्रिया को पुनर्जीवित कर रहे हैं।स्वामी विज्ञानानंद का एजेंडा संघ के एजेंडे से मेल खता है। स्वामी विज्ञानानंद कहते हैं कि विश्व हिन्दू कांग्रेस का ध्यान उन ईसाई संगठनों के नियंत्रण में मंदिर की भूमि को पुनः प्राप्त करने पर भी होगा, जिन्होंने कॉलेजों और अन्य संस्थानों का निर्माण किया है। विज्ञाननंद ने कहा, ये मंदिर की जमीनें हैं, जिनकी लीज डीड समाप्त हो चुकी है। ये हमारी कानूनी जमीन है, उन्हें इसे वापस सौंपना होगा।

दरअसल जंगल में मोर नाच गया लेकिन किसी ने देखा नहीं ,क्योंकि जिस देश और समाज के लिए ये कांग्रेस आयोजित की गयी थी उस भारत में लोग पांच राज्यों के चुनावों के अलावा उत्तराखंड में एक सुरंग में फंसे 41 लोगों की जिंदगियों को लेकर तनाव में है। भारत का हिन्दू मीडिया भी इसीलिए विश्व हिन्दू कांग्रेस को ज्यादा स्थान नहीं दे पाया ,अन्यथा बैंकाक में डॉ मोहन भागवत ने भारत के हिन्दुओं के लिए काम की अनेक बातें कहीं। भागवत ने कहा कि अंग्रेजों के बनाए गए कानून को बदलना होगा। इस दिशा में प्रयास चल रहा है। अंग्रेजों के तंत्र में बहुत सारी गड़बड़ियां हैं। तंत्र को भारत के आधार पर रचने की आवश्यकता है। उन्होंने आर्टिफिशियल इंटेलिजेंस, बाह्य व आंतरिक सुरक्षा सहित कई अन्य ज्वलंत मुद्दों पर अपने विचार व्यक्त किए। संपत्ति के न्याय वितरण पर जोर देते हुए कहा कि समृद्ध लोग गरीबों की मदद करें।भागवत ने जिन विषयों को छुआ वे संघ के भी मुद्दे हैं और भाजपा के भी और अब विश्व हिन्दू कांग्रेस के भी। लेकिन भगवत कथा को राजनीति कि चिल्ल-पौं ले डूबी। ये जानकार अच्छा लगता है कि स्वयं को सामाजिक -सांस्कृतिक संगठन कहने वाले आरएसएस के प्रमुख आर्टिफिशियल इंटेलिजेंस, बाह्य व आंतरिक सुरक्षा जैसे मुद्दों को लेकर भी सजग हैं और काम करना चाहते हैं। मुझे लगता है कि यदि भाजपा 2024 में तीसरी बार सत्ता में लौट आये तो डॉ भागवत का काम बन सकता है, सपना पूरा हो सकता है। 2024 में उन्हें भारत में भाजपा कि सरकार बनने का पूरा भरोसा भी है इसीलिए उन्होंने 2026 में विश्व हिन्दू कांग्रेस का आयोजन भारत में करने का संकल्प किया है। विश्व हिन्दू कांग्रेस के बारे में आपको एक महत्वपूर्ण बात और बता दूँ कि यहाँ हर प्रतिनिधि को एक संदेश के साथ लड्डू के डिब्बे वितरित किए गए। जिन पर लिखा गया था- दुर्भाग्य से हिंदू समाज एक नरम लड्डू जैसा दिखता है, जिसे आसानी से टुकड़ों में तोड़ा जा सकता है।

फिर आसानी से निगल लिया जा सकता है। इसमें आगे लिखा गया- एक बड़ा कठोर लड्डू मजबूती से बंधा और एकजुट होता है और इसे टुकड़ों में नहीं तोड़ा जा सकता है। हिंदू समाज एक बड़े कठोर लड्डू की तरह होना चाहिए, जिसे तोड़ना मुश्किल हो और दुश्मन ताकतों के खिलाफ खुद की रक्षा करने में सक्षम हो। खैर हिन्दू समाज का लड्डू मजबूत बनेगा या नहीं ये हम सब 3 दिसंबर के बाद देखेंगे । अभी तो आप देखिये कि हिन्दू नेता बैंकाक से लौटे हैं तरोताजा होकर। बैंकाक लोग जाते ही तरोताजा होने के लिए हैं फिर चाहे वे हिन्दू हों,मुसलमान हों, सिख हों ,ईसाई हों या किसी और धर्म के हो। बैंकाक में बुद्धत्व पुजता है हिंदुत्व नहीं। फिर भी बैंकाक सुखानुभूति करने वाला देश है। जो लोग बैंकाक नहीं गए हैं वे एक बार वहां जरूर जाएँ।

# संविधान दिवस: भारतीय संविधान से जुड़े प्रमुख तथ्य

**– श्वेता गोयल**

26 नवम्बर को देश में प्रतिवर्ष संविधान दिवस मनाया जाता है। हालांकि वैसे तो भारतीय संविधान 26 जनवरी 1950 को लागू हुआ था लेकिन इसे स्वीकृत 26 नवम्बर 1949 को ही कर लिया गया था। डा. भीमराव अम्बेडकर के अथक प्रयासों के कारण ही भारत का संविधान ऐसे रूप में सामने आया, जिसे दुनिया के कई अन्य देशों ने भी अपनाया। वर्ष 2015 में डा. अम्बेडकर के 125वें जयंती वर्ष में पहली बार देश में 26 नवम्बर को संविधान दिवस मनाए जाने का निर्णय लिया गया था और इस साल हम 74वां संविधान दिवस मना रहे हैं। भारत का संविधान दुनिया का सबसे बड़ा लिखित संविधान है, जो 26 जनवरी 1950 को लागू किया गया था।

संविधान प्रारूप समिति की बैठकें 114 दिनों तक चली थी और संविधान के निर्माण में करीब तीन वर्ष का समय लगा था। संविधान के निर्माण कार्य पर करीब 64 लाख रुपये खर्च हुए थे और इसके निर्माण कार्य में कुल 7635 सूचनाओं पर चर्चा की गई थी। मूल संविधान में सात मौलिक अधिकार थे लेकिन 44वें संविधान संशोधन के जरिये सम्पत्ति के अधिकार को मौलिक अधिकारों की सूची से हटाकर संविधान के अनुच्छेद 300 (ए) के अंतर्गत कानूनी अधिकार के रूप में रखा गया, जिसके बाद भारतीय नागरिकों को छह मूल अधिकार प्राप्त हैं, जिनमें समता या समानता का अधिकार (अनुच्छेद 14 से अनुच्छेद 18), स्वतंत्रता का अधिकार (अनुच्छेद 19 से 22), शोषण के विरुद्ध अधिकार (अनुच्छेद 23 से 24), धार्मिक स्वतंत्रता का अधिकार (अनुच्छेद 25 से 28), संस्कृति और शिक्षा संबंधी अधिकार (अनुच्छेद 29 से 30) तथा संवैधानिक अधिकार (अनुच्छेद 32) शामिल हैं।

संविधान के भाग-3 में अनुच्छेद 12 से अनुच्छेद 35 के अंतर्गत मूल अधिकारों का वर्णन है और संविधान में यह व्यवस्था भी की गई है कि इनमें संशोधन भी हो सकता है तथा राष्ट्रीय आपात के दौरान जीवन एवं व्यक्तिगत स्वतंत्रता के अधिकार को छोड़कर अन्य मौलिक अधिकारों को स्थगित किया जा सकता है।

भारतीय संविधान से जुड़े रोचक तथ्यों पर नजर डालें तो हमारे संविधान की सबसे बड़ी रोचक बात यही है कि यह दुनिया का सबसे बड़ा लिखित संविधान है। सर्वप्रथम सन् 1895 में लोकमान्य बाल गंगाधर तिलक ने मांग की थी कि अंग्रेजों के अधीनस्थ भारत का संविधान स्वयं भारतीयों द्वारा बनाया जाना चाहिए लेकिन भारत के लिए स्वतंत्र संविधान सभा के गठन की मांग को ब्रिटिश सरकार द्वारा ठुकरा दिया गया था। 1922 में राष्ट्रपिता महात्मा गांधी ने मांग की कि भारत का राजनैतिक भाग्य भारतीय स्वयं बनाएंगे लेकिन अंग्रेजों द्वारा संविधान सभा के गठन की लगातार उठती मांग को ठुकराया जाता रहा। आखिरकार 1939 में कांग्रेस अधिवेशन में पारित प्रस्ताव में कहा गया कि स्वतंत्र भारत के संविधान के निर्माण के लिए संविधान सभा ही एकमात्र उपाय है और सन् 1940 में ब्रिटिश सरकार द्वारा भारत का संविधान भारत के लोगों द्वारा ही बनाए जाने की मांग को स्वीकार कर लिया गया।

# मधुमेह रोगियों के लिए गुड़ भी है नुकसानदेह

डायबिटीज ;मधुमेह के मरीजों को कई बार मीठा खाने का मन करता है। ऐसे में जब चीनी खाना बिल्कुल मना हो तो लोग ऐसे विकल्पों की तलाश करते हैं जिसमें चीनी की मात्रा कम हो पर उसका स्वाद मीठा हो। ऐसे में गुड़ को चीनी के बेहतर विकल्प के तौर पर देखा जाता है। गुड़ को खाने के सेहत से जुड़े कई फायदे भी हैं परन्तु स्वास्थ्य के लिहाज से मधुमेह रोगियों के लिए यह ठीक नहीं है। गुड़ मिठास का पारंपरिक रूप है। गन्ने के रस को उबालने पर गुड़ बनता है। चीनी की तुलना में गुड़ कम संशोधित होता है लिहाजा इसमें पोटैशियम आयरन और कैल्शियम जैसे जरूरी पोषक तत्व मौजूद रहते हैं लेकिन इसका मतलब यह नहीं है कि अगर किसी व्यक्ति का शुगर लेवल हाई है तब भी वह गुड़ खा सकता है। गुड़ का भूरा रंग देखने में भले ही हेल्थी लगे लेकिन मधुमेह के मरीजों के लिए गुड़ एक बेहतर विकल्प नहीं है। गुड़ में मौजूद आयरन की वजह से यह ऑक्सिडेटिव स्ट्रेस और ब्लड प्रेशर से लड़ने में मदद करता है लेकिन अगर आप डायबिटिक हैं तो गुड़ से खुद को कोसों दूर रखें।

गुड़ में चीनी की मात्रा बहुत होती है। गुड़ए पोषक तत्वों से भरपूर स्वीटनर है। चीनी के इस विकल्प में 65 से 85 फीसदी तक सुक्रोज पाया जाता है। यही वजह है कि डायबिटीज के मरीजों के लिए गुड़ खाना मना होता है क्योंकि इसमें चीनी की मात्रा बहुत ज्यादा होती है।चीनी खाने से शरीर में ग्लूकोज लेवल में जो अंतर आता है और असर पड़ता है ठीक वैसा ही असर गुड़ खाने पर भी होता है। कुछ लोगों का मानना है कि अगर वे चीनी की जगह गुड़ का इस्तेमाल करते हैं तो ब्लड शुगर लेवल को मेनटेन रखने में मदद मिलेगी लेकिन हकीकत में ऐसा नहीं होता। गुड़ में सुक्रोज होता है इसलिए इसके सेवन से ब्लड शुगर लेव में बढ़ोतरी होने लगती है। इसका मतलब है कि चीनी के किसी भी फॉर्म की तरह गुड़ भी मधुमेह के रोगियों के लिए हानिकारक है। हालांकि जिन लोगों को मधुमेह नहीं है वे चीनी की जगह गुड़ का इस्तेमाल कर सकते हैं क्योंकि यह एक अच्छा विकल्प है।

आयुर्वेद भी यही कहता है कि डायबिटीज यानी मधुमेह के रोगियों को गुड़ नहीं खाना चाहिए। फेफड़ों के इंफेक्शन खराब गला माइग्रेन और अस्थमा के इलाज में आयुर्वेद गुड़ का इस्तेमाल करता है लेकिन इलाज की इस प्राचीन पद्धति में भी मधुमेह के रोगियों के लिए गुड़ खाने की मनाही है।

**धनिया के पानी से बढ़ती है रोग प्रतिरोधक क्षमता**

कोरोना महामारी के इस दौर में रोग प्रतिरोधक क्षमता बढ़ाना जरुरी है। इसके लिए हमारी रसोई में ही सब कुछ उपलब्ध है। सभी घरों में धनिया के बीजों को स्वाद बढ़ाने के लिए इस्तेमाल किया जाता है पर अगर इसका पानी रोज पिया जाए तो यह शरीर को कई तरह के स्वास्थ्य लाभ भी देता है। इसमें मौजूद पोटैशियम विटमिन सी कैल्शियम और मैग्नीशियम सेहत से जुड़ी कई समस्याओं को दूर करता है।

**रोग प्रतिरोधक क्षमता बढ़ाए**

धनिया के पानी में मौजूद एस्कॉर्बिक ऐसिड ऐंटिऑक्सिडेंट होता है और शरीर की रोग प्रतिरोधक क्षमता को बढ़ाता है। इससे सर्दी खांसी और बुखार की आशंका कम हो जाती है।

**लिवर की बीमारी से बचाए**

धनिया के पानी में मौजूद फाइबर और इसेंशल ऑइल लिवर से जुड़ी बीमारियों से बचाता है।

**टाइफॉइड से बचाए**

धनिया के पानी में एक विशेष तत्व डोडेनल पाया जाता है। यह टाइफ़ॉइड के बैक्टीरिया को खत्म करता है।

**दिल की समस्या रखे दूर**

धनिया का पानी गुड कलेस्ट्रॉल को बढ़ाता है और बैड कलेस्ट्रॉल को कम करता है। इसे रोज पीने से दिल से संबंधित बीमारियों का खतरा कम हो जाता है।

मुंह की बदबू करे दूर

रोज धनिया का पानी पीने से मुंह और सांस की बदबू की समस्या भी दूर हो जाती है।

**अल्सर की समस्या**

धनिया का पानी कोलेजन टिश्यू के प्रॉडक्शन को बढ़ाता है। इससे अल्सर की समस्या दूर हो जाती है।

# स्वस्थ बातें : आपकी थाली से ही आपका बचाव होगा



**डॉक्टर अरविन्द प्रेमचंद जैन**

बहुत समय से विश्व स्तर पर यह बहस चल रही हैं की मांसाहार शाकाहार कौन लाभप्रद और हानिकारक हैं तर्क अपने अपने हो सकते हैं पर सत्यता एक ही हैं। यदि हम आहार भोजन शाकाहार मांसाहार शब्दों को समझने का प्रयास करेंगे तो आधी से अधिक भ्रम अपने आप समाप्त हो जायेंगे।

आहार..आरोग्य वर्धक और हानि रहित उसे आहार कहते हैं। भोजन .. भोग से जल्दी नष्ट होना उसे आहार कहते हैं। शाकाहार ... शांतिकारक और हानिरहित जो आहार वह शाकाहार हैं। मांसाहार .. यानी जिससे मन और शरीर को हानि पहुंचे उसे मांसाहार कहते हैं। इस बात पर भी विशेष बल दिया जाता हैं की अंडा माँस मछली आदि में शरीर के आवश्यक घटक के लिए आवश्यक हैं यह मिथ्या धारणा हैं एदूसरा माँस आदि में यदि मसाला आदिका उपयोग न किया जाय तो आप खा नहीं सकते तीसरा मानव शरीर माँस आदि खाने के लिए नहीं बना हैं और जब आप बीमार होते हैं तब मांसाहार का उपयोग क्यों नहीं करते जबकि शाकाहार नैसर्गिक भोज्य हैं उसमे सभी प्रकार के घातक प्रचुरता से मिलते हैं मानव शरीर की संरचना शाकाहार के लिए हैं और शीघ्र पाचक होने से शरीर और मन को शांति देते हैं। चूँकि यह विषय विवादित हैं तर्क वितर्क अपने अपने हैं सत्य कटु और एक ही होता हैं।

बताया जा रहा था कि मांसाहार पर्यावरण के लिए कितना खतरनाक है। जैसे एक किलो बीफ तैयार करने के लिए 25 किलो अनाज और 15 हज़ार लीटर पानी लगता है। कुछ अहिंसा के समर्थक या धार्मिक कारणों से विभिन्न संगठनों के लोग ही इस तरह का प्रचार करते हैं।

दुनिया के जाने.माने विश्वविद्यालयों के शोध सामने आने लगे। यह साबित होने लगा कि खाने के लिए एनिमल मीट तैयार करने के कारोबार की ग्लोबल वॉर्मिंग में मोटर गाड़ियों और पेट्रोलियम से भी ज्यादा हिस्सेदारी है। इधर कोविड.19 के बाद वायरसों की उत्पत्ति में जानवरों की भूमिका पर काफी सवाल उठ रहे हैं। हाल ही में चीन के सुअर पालकों में एक और फ्लू वायरस का पता चला है। नया वायरस सुअरों से उन्हें पालने वाले युवाओं में पहुंचा। इसके भी खतरनाक महामारी बनने की आशंका है। फिलहाल अच्छी बात यह है कि मनुष्यों से मनुष्य में यह संक्रमण फैलने का कोई मामला सामने नहीं आया है। फिर भी पड़ताल जारी है। यह भी कहा जा रहा है कि न्यूटन का गति का तीसरा नियम ष्प्रत्येक क्रिया की समान एवं विपरीत प्रतिक्रिया होती हैष् इंसानों पर लागू हो रहा है।मनुष्य ने पशुओं पर जितने अत्याचार किए हैं अब पशुओं से आ रहे वायरस उनका बदला ले रहे हैं। ख़ैर, जलवायु परिवर्तन और मनुष्यों की सेहत ख़राब करने में मीट कारोबार की भूमिका पर अब किसी को भी संदेह नहीं है। कुछ महीने पहले ही ऑक्सफर्ड और मिनिसोटा विश्वविद्यालय में दो शोध पत्र प्रकाशित हुए। इसमें पश्चिमी देशों के लोगों की सेहत और पर्यावरण पर भोजन के प्रभाव का अध्ययन था। एक रिसर्च रेड मीट को लेकर थी। रेड मीट यानी गाय भैंस, सुअर या भेड़.बकरी का मांस। एक ही उम्र के दो अलग.अलग व्यक्तियों पर खाने का प्रभाव अलग.अलग था। एक व्यक्ति जो साधारण भोजन करता है उसके औसत जीवनकाल की तुलना पचास ग्राम अतिरिक्त रेड मीट खाने वाले व्यक्ति से की गई। जो व्यक्ति अतिरिक्त रेड मीट खाता था उसकी एक ख़ास उम्र में मरने की आशंका 41 फ़ीसदी ज्यादा पाई गई।

यूनाइटेड नेशन के फूड एंड एग्रीकल्चर आर्गनाइजेशन के मुताबिक अमेरिकी और ब्रिटिश लोगों में नॉन वेज से जुड़ी समस्याएं तेज़ी से बढ़ी हैं। 1970 के बाद से अब तक अमेरिकी और यूरोपीय लोगों में मीट खाने की क्षमता दस फ़ीसदी अधिक हो चुकी है। इस शोध में नॉन वेज के पर्यावरण पर भयंकर दुष्प्रभावों की बात भी सामने आई। सौ ग्राम वनस्पति प्रोटीन के मुक़ाबले पचास ग्राम रेड मीट तैयार करने में बीस गुना ज्यादा ग्रीन हाउस गैसें निकलती हैं और सौ गुना ज्यादा ज़मीन का इस्तेमाल होता है। कुछ पुराने शोध से यह पहले ही पता चल चुका है कि कृषि क्षेत्र में होने वाले कुल ग्रीन हाउस गैसों के उत्सर्जन का दो तिहाई हिस्सा पशुपालन से होता है।

जानवरों से मांस दूध ऊन और चमड़ा आदि लेने की एवज़ में खेती योग्य ज़मीन का तीन चौथाई हिस्सा इस्तेमाल हो जाता है। कहा जाता है कि अगर मवेशियों का कोई एक देश बनाया जाए तो उसका आकार अमेरिका और चीन के बाद तीसरे नंबर पर आएगा।

जॉन हॉपकिन्स विश्वविद्यालय के विद्वानों ने भी 140 देशों के लोगों की खाने की आदतों व ज़रूरतों का अध्ययन कर एक नतीजा निकाला है। उनके मुताबिक़ एक अमेरिकी रोज़ाना खाने में 2300 कैलोरी लेता है। अगर वह शाकाहारी हो जाए तो इससे वातावरण में उसके ज़रिए होने वाले ग्रीन हाउस गैसों के उत्सर्जन में 30 फीसदी की कमी आएगी। पर समस्या का समाधान इससे भी नहीं होने वाला। दुधारू पशुओं की डकार से वातावरण में बड़ी मात्रा में मीथेन जाती है। लिहाज़ा दूध, पनीर और घी जैसे खाद्य भी अब ग्लोबल वॉर्मिंग के लिए जिम्मेदार माने जा रहे हैं। इसे कम करने के लिए सिर्फ वेजिटेरियन होने से काम चलने वाला नहीं। शोध कहता है कि अगर वही अमेरिकी व्यक्ति अपने खाने में दो तिहाई हिस्सा वीगन रखे तो उसके कार्बन फुट प्रिंट में साठ फ़ीसदी की कमी आ जाएगी। इसका मतलब है कि वह कभी.कभी एनिमल प्रोटीन ले सकता है पर ज्यादातर वीगन फूड। अगर यही व्यक्ति पूरी तरह से वीगन हो जाता है तो उसके कार्बन फुट प्रिंट में 85 फ़ीसदी की कमी आ जाती है। यह एक आदर्श स्थिति होगी। दुनियाभर के लोगों में यह बदलाव अब आना भी शुरू हो गया है। मार्केट सर्वे करने वाली एक संस्था ने ब्रिटेन और अमेरिका में अध्ययन किया तो चौंका देने वाले नतीजे सामने आए। 50 फ़ीसदी एडल्ट नॉन वेजिटेरियन अब खाने में से मीट कम करना चाहते हैं। इसकी वजह पर्यावरण और सेहत के प्रति बढ़ी जागरूकता है विश्व स्वास्थ्य संगठन ने भी कुछ साल पहले यह साफ कहा है कि प्रॉसेस्ड रेड मीट से कैंसर का खतरा होता है। यह नतीजा संगठन से जुड़ी द इंटरनैशनल एजेंसी फॉर रिसर्च ऑन कैंसर ने निकाला था। इसका मतलब साफ था कि हॉट डॉग हैम बेकन और सॉसेज कितने भी स्वादिष्ट क्यों न हों लेकिन अगर उनमें रेड मीट है तो वे आपकी सेहत के लिए ख़तरनाक हो सकते हैं। इतने सारे शोध आने और मांसाहार के प्रति लोगों के बदलते नज़रिए का असर मीट मार्केट पर तो आना ही था।

# आनुवांशिक बीमारी मानी जाती है हीमोफीलिया

ਗੱਲ ਜੇਕਰ ਗੁਰਬਾਣੀ ਦੇ ਮੂਲ-ਮੰਤਰ ਦੀ ਕੀਤੀ ਜਾਵੇ ਤਾਂ ਸਾਨੂੰ ਇਹ ਜਾਣ ਕੇ ਕਸ਼ਟ ਹੁੰਦਾ ਹੈ ਕਿ ਸਾਡੇ ਬੱਚੇ, ਭੈਣ-ਭਰਾ ਜਾਂ ਪੰਜਾਬੀ ਮਾਂ ਦੇ ਬੱਚੇ ਇਸ ਮੂਲ-ਮੰਤਰ ਤੋਂ ਕਿੰਨੀ ਦੂਰ ਅਤੇ ਕਿੰਨੀ ਨੇੜੇ ਹਨ। ਜਿਵੇਂ ਕਿ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ

ਪੰਜਾਬੀ ਦੀ ਹੋਂਦ ਹੀ ਜੇਕਰ ਘਟਦੀ ਗਈ ਅਤੇ ਮਿਟਦੀ ਗਈ ਤਾਂ ਇਸ ਸੰਦੇਸ਼ ਦੀ ਸਮਝ ਦੇਣ ਵਾਲੇ ਵੀ ਘਟਦੇ ਜਾਣਗੇ ।ਭਾਸ਼ਾ ,,,ਜਿਸ ਸਾਧਨ ਰਾਹੀਂ ਮਨੁੱਖ ਆਪਣੇ ਵਿਚਾਰ ਦੂਜੇ ਮਨੁੱਖਾਂ ਨਾਲ ਬੋਲ ਕੇ ਲੈ ਕੇ ਸਾਂਝਾ ਕਰਦਾ ਹੈ ।ਉਹ ਭਾਸ਼ਾ ਹੋਣ ਜਾਂ ਭਾਸ਼ਾ ਨੂੰ ਲਿਖਣ ਦੇ ਭਾਸ਼ਾ ਦੀ ਮੁੱਢਲੀ ਜਾਣਕਾਰੀ ਹੋਣੀ ਜਰੂਰੀ ਹੈ ।ਜਾਂ ?ਮੇ ਕਿਹਾ ਜਾਂਦਾ ਹੈ ਕਿ ਲੋੜ ਕਾਢ ਦੀ ਮਾਂ ਹੈ ।ਪੰਜਾਬੀ ਦੀ ਲੋੜ ਉੱਚ ਪੱਧਰੀ ਤੇ ਮਹਿਸੂਸ ਕੀਤੀ ਜਾਂਦੀ ਹੈ। ਜਿਵੇਂ ਕਹਿੰਦੇ ਹਾਂ ਪਾਣੀ ਨੂੰ ਕੋਈ ਦਰਿਆ ਖਲਾਅ ਨਹੀਂ ਸਕਦਾ ,ਉਸੇ ਤਰ੍ਹਾਂ ਪੰਜਾਬੀ ਭਾਸ਼ਾ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ ।ਪੰਜਾਬੀ ਭਾਸ਼ਾ ਜਿਸ ਰਾਹੀਂ ਮਨੁੱਖ ਆਪਣੇ ਵਿਚਾਰ ਦੂਜੇ ਮਨੁੱਖਾਂ ਨਾ ਬੋਲ ਕੇ ਲਿਖ ਕੇ ਸਾਂਝਾ ਕਰਦਾ ਹੈ ।ਭਾਸ਼ਾਵਾਂ ਦੀ ਜਾਣਕਾਰੀ ਰਾਹੀ ਅਨੁਵਾਦ ਕਰਨ ਅਤੇ ਕਿੱਸੇ ਸੱਭਿਅਤ ਨੂੰ ਸਮਝਣ ਵਿੱਚ ਆਸਾਨੀ ਹੁੰਦੀ ਹੈ। ਪੰਜਾਬੀ ਤੇ ਪੰਜਾਬੀਅਤ ਅੱਗੇ ਲਿਆਉਣ ਲਈ ਚੁਣੌਤੀਆਂ ਦਾ ਸਾਹਮਣਾ ਕਰਨਾ ਜਰੂਰੀ ਹੈ ।ਜੇ ਅਸੀਂ ਪੰਜਾਬੀ ਭਾਸ਼ਾ ਨੂੰ ਸਮਝਾਉਣ ਵਿਚ ਕਾਮਯਾਬ ਹੋ ਜਾਂਦੇ ਹਾਂ ਤਾਂ ਇੱਕ ਸਿਖਿਆਰਥੀ ਸਾਹਿਤ ਦੇ ਨੇੜੇ ਹੋਰ ਵੀ ਹੋ ਜਾਵੇਗਾ ।ਅੱਜ ਦੇ ਯੁੱਗ ਵਿੱਚ ਇੱਕ ਭਾਸ਼ਾ ਰਾਹੀਂ ਹੀ ਸੰਸਾਰ ਭਰ ਦੀ ਜਾਣਕਾਰੀ ਹਾਸਲ ਕਰ ਸਕਣਾ ਅਸੰਭਵ ਹੈ ।ਜੇ ਅਸੀਂ ਨਵੇਂ ਲਿਖਾਰੀ ਨੂੰ ਜਾਂ ਸਿਖਿਆਰਥੀ ਨੂੰ ਸਾਹਿਤ ਦੇ ਨੇੜੇ ਲੈ ਕੇ ਆਉਣਾ ਹੈ ਤਾਂ

ਫਿਰ ਸੱਭ ਤੋਂ ਵੱਡੀ ਜ਼ਰੂਰਤ ਹੈ ਚੇਤਨਾ, ਸੰਕਲਪ ਅਤੇ ਲਗਨ ਦੀ। ਪ੍ਰਕਾਸ਼ਕਾਂ ਦੀ ਮਨਮਾਨੀ ਅਤੇ ਲੁੱਟ-ਖਸੁੱਟ ਕਿੰਨੀ ਵੀ ਕਿਉਂ ਨਾ ਹੋਵੇ, ਹੋ ਸਕਦਾ ਹੈ ਕਿ ਨਵੇਂ ਲੇਖਕਾਂ ਦੀ ਬਾਂਹ ਫੜਨ ਵਾਲੇ 2-4 ਪ੍ਰਕਾਸ਼ਕ ਸਾਹਮਣੇ ਆ ਹੀ ਜਾਣ। ਅਰਬਾਂ ਡਾਲਰ ਅਤੇ ਪਾਉਂਡ ਸਿਆਸੀ ਪਾਰਟੀਆ ਨੂੰ ਦਾਨ ਦਿੰਦੇ ਹਨ, ਹੋ ਸਕਦਾ ਹੈ, ਉਨ੍ਹਾਂ ਦਾ ਰੁਝਾਨ ਇਸ ਸੇਵਾ ਵਲ ਖਿਚਿਆ ਹੋ ਜਾਵੇ। ਸ੍ਰੀ ਐਸ.ਪੀ. ਉਬਰਾਏ ਜੀ ਦਾ ਧਿਆਨ ਇਸ ਪਾਸੇ ਨਹੀਂ ਗਿਆ, ਸ਼ਾਇਦ ਸਾਡੇ-ਤੁਹਾਡੇ ਵਿਚੋਂ ਕੋਈ ਪੰਜਾਬੀ ਦਾ ਸੁਨੇਹਾ ਉਨ੍ਹਾਂ ਦੇ ਸਾਹਮਣੇ ਇਹ ਮਸਲਾ ਰੱਖ ਹੀ ਦੇਵੇ ਅਤੇ ਨਵੇਂ ਲੇਖਕਾਂ ਦੀ ਬਾਂਹ ਫੜਨ ਦੇ ਨਾਲ-ਨਾਲ ਕੁੱਝ ਨਵੀਂਆਂ ਲਾਇਬ੍ਰੇਰੀਆਂ ਵੀ ਖੁੱਲ੍ਹ ਜਾਣ ।ਇਸ ਨਾਲ ਇਕ ਸਿਖਿਆਰਥੀ ਵੀ ਪੰਜਾਬੀ ਨੂੰ ਵੱਧ ਤੋਂ ਵੱਧ ਪੜ੍ਹ ਕੇ ਤੇ ਲਿਖਣ ਦੀ ਪ੍ਰੇਰਨਾ ਮਿਲੇਗੀ ।ਪੰਜਾਬੀ ਭਾਸ਼ਾ ਮਨੁੱਖੀ ਮਨ ਦੇ ਭਾਵਾਂ ਅਤੇ ਜਜ਼ਬਾਤਾਂ ਦੀ ਜ਼ਬਾਨ ਹੈ ।ਇੱਕ ਤੋਂ ਵਧੇਰੇ ਭਾਸ਼ਾ ਦੀ ਜਾਣਕਾਰੀ ਹੋਣਾ ਇੱਛਾਵਾਂ ਦਾ ਘੇਰਾ ਵਿਸ਼ਾਲ ਅਤੇ ਸ਼ਬਦਾਂ ਦੀ ਵਾਧੇ ਨਾਲ ਘੇਰਾ ਅਮੀਰ ਹੋਵੇਗਾ ।ਅਜੋਕੇ ਸਮੇਂ ਵਿੱਚ ਇਸ ਦੀ ਬਹੁਤ ਜਰੂਰਤ ਹੈ ।ਇਹ ਸਿੱਖਿਆ ਦਾ ਅਹਿਮ ਹਿੱਸਾ ਬਣਨਾ ਚਾਹੀਦਾ ਹੈ ।ਤਾਂ ਜੋ ਹਰ ਕੋਈ ਸੌਖੇ ਤੇ ਸੁਚੱਜੇ ਢੰਗ ਦੇ ਨਾਲ ਪੰਜਾਬੀ ਭਾਸ਼ਾ ਨੂੰ ਸਮਝ ਸਕੇ ਤੇ ਪੰਜਾਬੀ ਲਈ ਅਸੀਂ ਪੰਜਾਬੀਅਤ ਨੂੰ ਜ਼ਿੰਦਾ ਰੱਖ ਸਕੀਏ।

ਫਿਰ ਸਰਕਾਰ ਵਲੋਂ ਸਥਾਪਤ ਬਿਮਾਰ ਭਾਸ਼ਾ ਵਿਭਾਗ ਵਲੋਂ ਲੱਖ ਲਾਪ੍ਰਵਾਹੀ ਵਰਤੀ ਜਾਂਦੀ ਹੋਵੇ, ਪੰਜਾਬੀ ਦੇ ਵਧਦੇ ਕਦਮ ਰੁਕ ਨਹੀਂ ਸਕਦੇ। ਜੇਕਰ ਅਜਿਹਾ ਹੁੰਦਾ ਹੈ ਤਾਂ ਟੀ.ਵੀ. ਚੈਨਲਾਂ ਵਾਲੇ ਵੀ ਪੰਜਾਬੀ ਨੂੰ ਉਤਸ਼ਾਹ ਕਰਦੇ ਹੋਏ ਅੱਗੇ ਆਉਣ ਦੇ ਮੌਕੇ ਦੇਣ ਵਿਚ ਖ਼ੁਸ਼ੀ ਅਨੁਭਵ ਕਰਨਗੇ। ਹਾਲਤ ਲੱਖ ਮਾੜੀ ਹੋਵੇ ਪਰ ਜੇਕਰ ਸਿਦਕ ਤੇ ਸੰਕਲਪ ਅਮਰ ਰਹਿੰਦਾ ਹੈ, ਜਵਾਨ ਰਹਿੰਦਾ ਹੈ ਤਾਂ ਹੀ ਪ੍ਰਫ਼ੁੱਲਤ ਹੁੰਦਾ ਹੈ।

ਪੰਜਾਬੀ ਭਾਸ਼ਾ ਸਿਰਫ਼ ਸਾਡੀ ਬੋਲੀ ਹੀ ਨਹੀਂ, ਇਹ ਵਿਸ਼ਵ ਸ਼ਾਂਤੀ, ਭਾਈਚਾਰੇ, ਸਹਿਚਾਰ ਅਤੇ ਸਹਿਣਸ਼ੀਲਤਾ ਦੀ ਵੀ ਖ਼ੈਰ ਮੰਗਦੀ ਹੈ।

# ਕਹਾਣੀ ਨੌਕਰੀ

ਉਹ ਸਰਕਾਰੀ ਨੋਕਰੀ ਕਰਦੀ ਸੀ, ਘਰਵਾਲਾ ਪਰਾਈਵੇਟ ਜੋਬ ਕਰਦਾ ਸੀ, ਸਹੁਰੇ ਪਰਿਵਾਰ ਚ ਨਿੱਤ ਦੇ ਕਲੇਸ਼ਾ ਤੋ ਤੰਗ ਆ ਕੇ ਬਿਨਾ ਕੁੱਝ ਲਏ, ਜਮੀਨਾਂ ਜਾਇਦਾਦਾਂ ਨੂੰ ਲੱਤ ਮਾਰ ਕੇ ਦੋਨਾਂ ਨੇ ਨਵੀਂ ਜਿੰਦਗੀ ਦੀ ਸ਼ੁਰੂਵਾਤ ਕਰ ਲਈ ... ਪਲਾਟ ਲੈ ਕੇ ਉਸਦੇ ਅਧਾਰ ਤੇ ਲੋਨ ਲੈ ਕੇ ਪਿੱਛਲੇ ਸਾਲ ਮਕਾਂਨ ਵੀ ਬਣਾਂ ਲਿਆ ਸੀ ।ਇਕੋ ਇੱਕ ਲੜਕਾ ਸੀ, ਛੋਟਾਂ ਸੀ ਪਰ ਸਮਝਦਾਰ ਸੀ ।ਤਿੰਨੋ ਜੀਅ ਵਧੀਆ ਜਿੰਦਗੀ ਗੁਜਾਰ ਰਹੇ ਸੀ । ਪਰਸੋ ਉਨਾਂ ਦੀ ਮੈਰਿਜ਼ ਅਨਵਰਸਰੀ ਸੀ, ਬਹੁਤ ਖੁਸ਼ ਸਨ ਆਉਣ ਵਾਲੇ ਦਿਨ ਲਈ, ਮਾਂ ਬੇਟੇ ਨੇ ਪ੍ਰੋਗਰਾਮ ਬਣਾਇਆ ਸੀ ਕਿ ਬਾਹਰ ਰੋਟੀ ਖਾਣ ਜਾਵਾਂਗੇ, ਉਨ੍ਹਾਂ ਦੋਵਾਂ ਨੇ ਬਜਾਰ ਜਾ ਕੇ ਘਰਵਾਲੇ ਲਈ ਮਹਿੰਗੀ ਪੈਂਟ ਸ਼ਰਟ ਵੀ ਲਿਆਉਦੀ ਸੀ, ਬੇਸ਼ੱਕ ਕਮੀ ਤੇ ਉਨ੍ਹਾਂ ਕੋਲ ਨਹੀ ਸੀ ਪਰ ਤਨਖਾਹ ਦਾ ਵੱਡਾ ਹਿਸਾ ਲੋਨ ਦੀ ਕਿਸ਼ਤ ਚ ਜਾਣ ਕਰਕੇ ਥੋੜਾ ਕਿਰਸ ਨਾਲ ਹੀ ਚੱਲਦੇ ਸੀ ।ਦਿਨ ਤਿਉਹਾਰਾਂ ਦੇ ਮੋਕੇ ਤੇ ਮਾਂ ਬੇਟਾ ਚਾਅ ਜਰੂਰ ਲਾਉਂਦੇ ਸਨ, ਇਹ ਦਿਨ ਤਿਉਹਾਰ ਦੇ ਮੋਕੇ ਹੀ ਉਨ੍ਹਾਂ ਦੀ ਜਿੰਦਗੀ ਦੇ ਖੁਸ਼ਨੁਮਾਂ ਮੋਕੇ ਹੁੰਦੇ ਸਨ ਜਿਸ ਵੇਲੇ ਉਹ ਬੇਫਕਿਰੀ ਨਾਲ ਅਨੰਦ ਲੈਂਦੇਂ ਸਨ । ਉਸਦੀ ਤਨਖਾਹ ਚਾਹੇ ਪਤੀ ਤੋ ਜਆਿਦਾ ਸੀ ਪਰ ਉਸਦੇ ਮਨ ਵਿੱਚ ਕੋਈ ਫਰਕ ਨਹੀ ਸੀ, ਘਰਵਾਲਾ ਪਿਆਰਾਂ ਇਨਸਾਨ ਸੀ, ਉਸਨੂੰ ਪਿਆਰ ਵੀ ਕਰਦਾ ਸੀ ਪਰ ਘਰ ਵਿੱਚ ਉਸਦੇ ਮੰਮੀ ਡੈਡੀ ਵੱਡੇ ਭਰਾ ਦੇ ਕਹਿਣੇ ਚ ਸਨ, ਹਮੇਸ਼ਾ ਉਨਾਂ ਦੋਨਾਂ ਨਾਲ ਮਤਰੇਆ ਵਿਵਹਾਰ ਕਰਦੇ ਸਨ ..ਸਹੁਰੇ ਘਰ ਚ ਪਿਆਰ, ਮਾਣ ਨਾਂ ਮਿਲਨ ਕਰਕੇ ਵੀ ਉਸਦੀ ਖਾਤਿਰ ਜਰ ਲੈਂਦੀ ਸੀ ।ਜਦ ਕੋਈ ਚਾਰਾ ਨਾ ਬੱਚਿਆ ਤੇ ਓਸਦੇ ਘਰਵਾਲੇ ਨੇ ਹੀ ਫੈਸਲਾ ਲਿਆ ਅਲੱਗ ਹੋਣ ਦਾ ਤੇ ਬਗੈਰ ਕੁਝ ਲਏ ਕਿਰਾਏ ਦੇ ਮਕਾਨ ਚ ਚਲੇ ਗਏ, ਉਦੋਂ ਉਨ੍ਹਾਂ ਦਾ ਲੜਕਾ ਵੀ ਮਸੇ ਦੋ ਸਾਲ ਦਾ ਸੀ ।ਉਹ ਕੁੱਝ ਨਹੀ ਬੋਲੀ ਸੀ, ਠੱਗਿਆ ਠੱਗਿਆ ਮਹਿਸੂਸ ਤੇ ਕਰਦੀ ਸੀ, ਰੜਕ ਵੀ ਸੀ ਵਿਆਹ ਤੋ ਬਾਅਦ ਤਨਖਾਹ ਸਹੁਰੇ ਘਰ ਦੇ ਕੇ, ਛੋਟੀ ਛੋਟੀ ਜਰੂਰਤ ਲਈ ਉਨ੍ਹਾਂ ਦੇ ਮੂੰਹ ਵੱਲ ਦੇਖਣਾਂ ਪੈਂਦਾ ਤੇ ਪਿਆਰ ਵੀ ਨਾਂ ਮਿਲਦਾ ...ਅਲੱਗ ਹੋਣ ਤੇ ਉਨ੍ਹਾਂ ਕੋਲ ਕੋਈ ਸੇਵਿੰਗ ਵੀ ਨਹੀ ਸੀ ....ਪਰ ਉਹਨੇ ਘਰਵਾਲੇ ਨਾਲ ਰੋਸ ਨਹੀ ਸੀ ਕੀਤਾ ।

ਦਿਲ ਦੇ ਕਿਸੇ ਕੋਨੇ ਚ ਗਮ ਜਾਂ ਘਰਵਾਲੇ ਪ੍ਰਤੀ ਰੋਸ ਸੀ ਉਸਨੇ ਮਾਪਿਆਂ ਤੋ ਆਪਣੇ ਲਈ ਕੁਝ ਵੀ ਨਹੀ ਮੰਗਿਆਂ ਸੀ ।ਉਸਨੇ ਕਦੇ ਘਰਵਾਲੇ ਨੂੰ ਕਦੇ ਆਖਿਆ ਨਹੀ ਸੀ ਪਰ ਮੁਆਫ ਵੀ ਨਹੀ ਕੀਤਾ ਸੀ ।

ਅੱਜ ਜਿਵੇ ਹੀ ਉਹਦਾ ਘਰਵਾਲਾ ਆਇਆ, ਬੜੇ ਚਾਅਵਾਂ ਨਾਲ ਆਪਣੇ ਬੇਟੇ ਨਾਲ ਉਹ ਪੈਕਟ ਉਸਦੇ ਸਾਹਮਣੇ ਜਾ ਰੱਖਿਆਂ ਤੇ ਖੋਹਲਣ ਲਈ ਕਿਹਾ, ਘਰਵਾਲੇ ਨੇ ਬੇ ਦਿਲੀ ਜਿਹੇ ਨਾਲ ਖੋਹਲਿਆ, ਮਹਿੰਗਾਂ ਬਰੈਂਡ ਦੇਖ ਕੇ ਤਲਖੀ ਜਿਹੀ ਨਾਲ ਬੋਲਿਆ ਬੱਸ ਫੂਕੀ ਜਾਉ ਪੈਸੇ ।ਮਾਂ ਪੁੱਤਰ ਅਵਾਕ ਜਿਹੇ ਹੋ ਗਏ, ਪੁੱਤਰ ਵੀ ਸਹਿਮ ਗਿਆਂ ਪਰ ਬੇ ਪਰਵਾਹ ਹੋ ਕੇ ਕਹਿੰਦਾ ਪਾਪਾ ਬਸ ਇਹ ਪਾ ਕੇ ਤਿਆਰ ਹੋ ਜਾਊ ਬਾਹਰ ਰੋਟੀ ਖਾਣ ਜਾਣਾਂ ਹੈ ।ਬਹਿ ਜਾਊ ਟਿੱਕ ਕੇ ਕਿਤੇ ਨਹੀ ਜਾਂਣਾਂ ਜੂਣਾਂ ਬਾਹਰ... ਉਜਾੜਾਂ ਧਰਿਆ ਹੋਇਆ ਤੁਸੀ ।

ਮਾਂ ਪੁੱਤ ਦੋਵੇਂ ਰੋਂਦੇ ਰੋਂਦੇ ਆਪੌ ਆਪਣੇਂ ਕਮਰੇ ਚ ਚਲੇ ਗਏ, ਮੈਰਿਜ ਅਨਵਰਸਰੀ ਦਾ ਸਾਰਾ ਚਾਅ ਉਡ ਚੁੱਕਾ ਸੀ ....ਕਾਫੀ ਚਿਰ ਉਹ ਆਪਣੇ ਕਮਰੇ ਚ ਰੋਂਦੀ ਰਹੀ, ਰੋਟੀ ਪਕਾਈ ਵੀ ਨਹੀ ।ਘਰਵਾਲਾ ਬਾਹਰ ਡਰਾਇੰਗ ਰੂਮ ਚ ਸੋਫੇ ਤੇ ਲੰਮੇ ਪੈ ਗਿਆ ਸੀ ।

ਅਜੇ ਉਹ ਕਮਰੇ ਚ ਲੰਬੀ ਪਈ ਹੋਈ ਸੀ, ਉਸਦੀ ਭੈਣ ਦਾ ਫੋਨ ਆ ਗਿਆ ...ਭੈਣ ਨੇ ਕਿਹਾਂ ਹੈਪੀ ਮੈਰਿਜ ਅਨਵਰਸਰੀ ।ਉਹ ਰੋਣ ਲੱਗ ਪਈ ਕਹਿੰਦੀ ਕਾਹਦੀ ਵਧਾਈ, ਰੋ ਰੋ ਕੇ ਓਸ ਸਾਰੀ ਗੱਲ ਦੱਸੀ, ਨਾਲ ਹੀ ਪੁਰਾਣੇ ਗਿਲੇ ਵੀ ਜੁਬਾਨ ਤੇ ਆ ਗਏ, ਕਿੰਨਾ ਚਿਰ ਉਹ ਬੋਲਦੀ ਰਹੀ, ਭੈਣ ਨੇ ਟੋਕਿਆ ਵੀ ਨਾਂ ਸੁਣਦੀ ਰਹੀ, ਉਹ ਬੋਲਦੀ ਰਹੀ ਭਲਾ ਸਾਡਾ ਕਸੂਰ ਕੀ ਏ ...ਕਾਫੀ ਸਮੇ ਤੋ ਬਾਅਦ ਭੈਣ ਬੋਲੀ ਕਹਿੰਦੀ ਚਲੋ ਕੋਈ ਨਾਂ ਉਹ ਹੋਰ ਭੜ੍ਹਕ ਗਈ, ਲੈ ਕੋਈ ਕਿਵੇ ਨਾਂ ..ਕੁੱਝ ਦੇਰ ਉਹ ਹੋਰ ਬੋਲਦੀ ਰਹੀ ।ਭੈਣ ਕਹਿੰਦੀ ਗੱਲ ਤੇ ਤੇਰੀ ਠੀਕ ਪਰ ਮੇਰਾ ਇੱਕ ਕਹਿਣਾਂ ਮੰਨੇਗੀ, ਕਹਿੰਦੀ ਤੁਹਾਡਾ ਕਹਿਣਾਂ ਮੈ ਟਾਲ ਨਹੀ ਸਕਦੀ, ਤੁਸੀ ਵੱਡੀ ਭੈਣ ਨਹੀ ਮਾਂ ਹੋ ਮੇਰੀ ।ਭੈਣ ਕਹਿੰਦੀ ਹੁਣ ਇੰਝ ਕਰ ਕੋਈ ਗੱਲ ਨਹੀ ਕਰਨੀ, ਰੋਟੀ ਬਣਾਂ ਤੇ ਬਾਹਰ ਉਸ ਕੋਲ ਚਲੀ ਜਾ ...ਕਹਿੰਦੀ ਮੈਂ ਨਹੀ ਉਸ ਕੋਲ ਹੁਣ ਜਾਣਾ ..ਭੈਣ ਕਹਿੰਦੀ ਬੱਸ ਰੋਟੀ ਬਣਾ ਗਲ ਭਾਵੇ ਨਾ ਕਰੀ, ਬੱਸ ਇੰਨਾ ਕਹੀ ਬੇਟੇ ਨੂੰ ਅਵਾਜ ਮਾਰ ਕੇ ਕਹੋ ਰੋਟੀ ਖਾ ਲਵੇ ।

ਉਹ ਅਣਮੰਨੇ ਜਿਹੇ ਢੰਗ ਨਾਲ ਰਸੋਈ ਚ ਚਲੀ ਗਈ, ਅੰਦਰੋ ਅੰਦਰ ਸੋਚ ਰਹੀ ਇਹੋ ਜਿਹੇ ਮਨੁੱਖ ਨਾਲ ਕੋਈ ਕਿਵੇਂ ਰਹਿ ਸਕਦਾ ਹੈ ? ਘਰਵਾਲਾ ਬਾਹਰ ਪਿਆ ਹੋਇਆ ਸੀ ਉਝ ਹੀ, ਬੇਟਾ ਵੀ ਅੰਦਰ ਗੁਮਸੁਮ ਮਨ ਵਿੱਚ ਪਿਉ ਨੂੰ ਗਾਹਲਾਂ ਕੱਢ ਰਿਹਾ ਸੀ ।ਉਸ ਰੋਟੀ ਪਕਾਈ ਤੇ ਘਰਵਾਲੇ ਦੇ ਕੋਲ ਜਾ ਕੇ ਕਹਿੰਦੀ ਖਾ ਲਵੋ ।

ਘਰਵਾਲੇ ਨੇ ਉਸ ਵੱਲ ਦੇਖਿਆ, ਉਸਦੀਆਂ ਅੱਖਾਂ ਚ ਅੱਥਰੂ ਸਨ, ਘਰਵਾਲੇ ਨੇ ਕਿਹਾ ਤੇਰੀ ਰੋਟੀ ਕਿੱਥੇ ਹੈ, ਕਹਿੰਦੀ ਮੈਂ ਨਹੀ ਖਾਣੀ ਤੇ ਅੰਦਰ ਜਾਣ ਲੱਗੀ ..ਘਰਵਾਲੇ ਨੇ ਉਸਦੀ ਬਾਂਹ ਫੜ ਲਈ ਤੇ ਕਹਿਣ ਲੱਗਾ ...ਤੈਨੂੰ ਪਤਾ ਹੈ ਫੈਕਟਰੀ ਬਹੁਤ ਹਲਚਲ ਹੋ ਰਹੀ ਹੈ, ਸਾਇਦ ਇਕ ਦੋ ਦਿਨ ਤੀਕ ਜਵਾਬ ਮਿਲ ਜਾਵੇ, ਮੈਂ ਦੱਸਣਾ ਨਹੀ ਸੀ ਚਾਹੁੰਦਾਂ, ਅਜੇ ਪਿੱਛਲੇ ਦੋ ਮਹੀਨੇ ਤੋ ਤਨਖਾਹ ਵੀ ਨਹੀ ਮਿਲੀ, ਫੈਕਟਰੀ ਦੇ ਮਾਲਕਾ ਦਾ ਆਪਸ ਵਿੱਚ ਝਗੜਾ ਹੈ ... ਮੈਂ ਸੋਚ ਰਿਹਾ ਸੀ ਕਿਵੇ ਖਰਚੇ ਸਹਿਣ ਕਰਾਗੇ ...ਉਹ ਇਕ ਦੱਮ ਅਵਾਕ ਰਹਿ ਗਈ, ਘਰਵਾਲਾ ਤੇ ਕਿੰਨੇ ਬੋਝ ਚੋ ਨਿਕਲ ਰਿਹਾ ਸੀ ਤੇ ਮੈ ਐਵੇ ਉਸ ਨੂੰ ਗਲਤ ਸਮਝਦੀ ਰਹੀ, ਉਸਨੇ ਰੋਂਦੇ ਹੋਏ ਘਰਵਾਲੇ ਨੂੰ ਕਿਹਾ, ਚਿੰਤਾਂ ਕਾਹਦੀ ਮੈਂ ਕਮਾ ਰਹੀ ਹਾਂ, ਕੀ ਫਰਕ ਪੈਦਾਂ ..ਜਦ ਤੀਕ ਇਥੇ ਮਾਹੋਲ ਠੀਕ ਨਹੀ ਹੁੰਦਾਂ ਜਾਂ ਤਹਾਨੂੰ ਕਿਤੇ ਹੋਰ ਨੋਕਰੀ ਨਹੀ ਮਿਲਦੀ ਆਪਾਂ ਹੱਥ ਘੁੱਟ ਕੇ ਚੱਲ ਲਵਾਗੇ ।

ਥੋੜੀ ਦੇਰ ਬਾਦ ਤਿੰਨੇ ਇਕੱਠੇ ਰੋਟੀ ਖਾਹ ਰਹੇ ਸਨ ਤੇ ਪੁਰਾਣੀਆਂ ਹੁਸੀਨ ਯਾਦਾਂ ਤਾਜ਼ਾ ਕਰ ਰਹੇ ਸਨ ਤੇ ਦੋਵੇ ਬੇਟੇ ਨੂੰ ਜਿੰਦਗੀ ਦੇ ਇਮਤਿਹਾਨਾਂ ਬਾਰੇ ਦੱਸ ਰਹੇ ਸਨ ।ਅਜੇ ਗੱਲਾਂ ਕਰ ਹੀ ਰਹੇ ਸਨ ਫੋਨ ਦੀ ਘੰਟੀ ਦੁਬਾਰਾ ਵੱਜੀ ਉਸਦੀ ਭੈਣ ਦਾ ਫੋਨ ਸੀ ।ਕਹਿੰਦੀ ਦੀਦੀ ਧੰਨਵਾਦ ਤੁਸੀ ਬਚਾ ਤਾ, ਜੇ ਮੈਂ ਤੁਹਾਡਾ ਕਿਹਾ ਨਾ ਮੰਨਦੀ ਤੇ ਉਨ੍ਹਾਂ ਨਾਲ ਲੜ ਪੈਣਾ ਸੀ, ਬਹੁਤ ਬੋਲਣਾ ਸੀ, ਹੋ ਸਕਦਾ ਉਹ ਵੀ ਬੋਲਦੇ ....ਉਸਦੀ ਭੈਣ ਨੇ ਕਿਹਾ ਦੇਖ ਜਦੋ ਸਾਡੀ ਸੋਚ ਤੋ ਉਲਟਾ ਕੋਈ ਪ੍ਰਤੀਕਿਰਿਆ ਹੁੰਦੀ ਹੈ ਤੇ ਗੁੱਸੇ ਚ ਆਉਣਾ ਸੁਭਾਵਿਕ ਹੁੰਦਾਂ ਹੈ, ਜੇ ਗੁੱਸੇ ਚ ਬੋਲ ਦਿੱਤਾ ਤੇ ਬੋਲ ਵਾਪਸ ਨਹੀ ਪਰਤਦੇ ਤੇ ਰਿਸ਼ਤੇ ਚ ਖਟਾਸ ਆ ਜਾਂਦੀ ਹੈ ਪਰ ਜੇ ਉਸ ਵਕਤ ਥੋੜਾ ਕੰਟਰੋਲ ਕਰਕੇ ਕੁਝ ਸਮਾਂ ਨਿਕਾਲ ਲਇਆ ਜਾਵੇ, ਆਪੇ ਹੀ ਗੱਲ ਚ ਤਨਾਅ ਦੂਰ ਹੋ ਜਾਂਦਾ ਹੈ ਤੇ ਉਸ ਵਕਤ ਜੇ ਕਿਸੇ ਚੰਗੇ ਦੋਸਤ ਨਾਲ ਗਲਬਾਤ ਕਰ ਲਈ ਜਾਵੇ ਤੇ ਵਿਰੇਚਨ ਹੋ ਜਾਂਦਾ ਹੈ ..ਬੰਦਾ ਦੂਸਰੇ ਨੂੰ ਸਮਝ ਜਾਂਦਾਂ ਹੈ ...ਕਰੋਗੇ ਗੱਲ ਨਿਕਲੇਗਾ ਹੱਲ ।

**ਪ੍ਰੋਫੈਸਰ ਰਾਹੁਲ ਗੁਪਤਾ ਐੱਸ ਐੱਸ ਡੀ ਕਾਲਜ ਬਰਨਾਲਾ ਮੋਬਾਈਲ ਨੰਬਰ 7009229504**

# ਪੰਜਾਬ: ਸੁਪਰੀਮ ਕੋਰਟ ਤੇ ਮਾਹਰਾਂ ਦੀ ਰਾਇ ਦੇ ਬਾਵਜੂਦ ਕਿਸਾਨ ਝੋਨਾ ਲਾਉਣਾ ਕਿਉਂ ਨਹੀਂ ਛੱਡ ਸਕਦੇ





ਬੁੱਧਵਾਰ ਨੂੰ ਪੰਜਾਬ ਵਿੱਚ ਝੋਨੇ ਦੀ ਪਰਾਲੀ ਖੇਤਾਂ ਵਿੱਚ ਹੀ ਸਾੜਨ ਦੇ ਮਾਮਲੇ 30 ਹਜ਼ਾਰ ਦਾ ਅੰਕੜਾ ਪਾਰ ਕਰ ਗਏ। ਪੰਜਾਬ ਪੁਲਿਸ ਦੇ ਅਧਿਕਾਰਤ ਸੂਤਰਾਂ ਮਤਾਬਕ ਸੂਬੇ ਵਿੱਚ ਨਵੇਂ 2544 ਮਾਮਲੇ ਆਉਣ ਤੋਂ ਬਾਅਦ ਸਾਰੇ ਜ਼ਿਲ੍ਹਿਆਂ ਵਿੱਚ ਰੈੱਡ ਅਲਾਰਟ ਜਾਰੀ ਕੀਤਾ ਗਿਆ ਹੈ।15 ਸਤੰਬਰ ਤੋਂ ਝੋਨੇ ਦੀ ਕਟਾਈ ਦੇ ਸ਼ੁਰੂ ਹੋਏ ਸੀਜ਼ਨ ਦੌਰਾਨ ਪਰਾਲੀ ਨੂੰ ਅੱਗ ਲਾਏ ਜਾਣ ਦੇ ਮਾਮਲੇ 30661 ਹੋ ਗਏ, ਜੋ 2022 ਦੇ ਇਸੇ ਸਮੇਂ ਦਰਮਿਆਨ ਆਏ 45,464 ਮਾਮਲਿਆਂ ਦੇ ਮੁਕਾਬਲੇ 32 ਫੀਸਦੀ ਘੱਟ ਹਨ।ਭਾਵੇਂ ਕਿ 2021 ਦੇ 67020 ਮਾਮਲਿਆਂ ਦੇ ਮੁਕਾਬਲੇ ਪੰਜਾਬ ਵਿੱਚ ਪਰਾਲੀ ਨੂੰ ਅੱਗ ਲਾਏ ਜਾਣ ਦੇ ਰੁਝਾਨ ਵਿੱਚ 54 ਫੀਸਦ ਦੀ ਕਮੀ ਦੇਖੀ ਗਈ ਹੈ।ਪਰ ਦਿੱਲੀ - ਐੱਨਸੀਆਰ ਖੇਤਰ ਵਿੱਚ ਵਧੇ ਪ੍ਰਦੂਸ਼ਣ ਦੇ ਮੱਦੇਨਜ਼ਰ ਭਾਰਤ ਦੀ ਸੁਪਰੀਮ ਕੋਰਟ ਨੇ 7 ਨਵੰਬਰ ਨੂੰ ਪੰਜਾਬ ਦੇ ਨਾਲ-ਨਾਲ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਪਰਾਲੀ ਨੂੰ ਅੱਗ ਲਾ ਕੇ ਖੇਤਾਂ ਵਿੱਚ ਸਾੜਨ ਦੇ ਰੁਝਾਨ ਨੂੰ ਸਖ਼ਤੀ ਨਾਲ ਰੋਕਣ ਦੇ ਹੁਕਮ ਦਿੱਤੇ ਸਨ।ਸੁਪਰੀਮ ਕੋਰਟ ਨੇ ਕਿਹਾ ਸੀ ਕਿ ਲੋਕਾਂ ਨੂੰ ਮਰਨ ਲਈ ਨਹੀਂ ਛੱਡਿਆ ਜਾ ਸਕਦਾ। ਸੁਣਵਾਈ ਦੌਰਾਨ ਅਦਾਲਤ ਨੇ ਕਈ ਗੰਭੀਰ ਟਿੱਪਣੀਆਂ ਵੀ ਕੀਤੀਆਂ ਸਨ।ਅਦਾਲਤ ਨੇ ਸੁਝਾਅ ਦਿੱਤਾ ਸੀ ਕਿ ਝੋਨਾ ਪੰਜਾਬ ਦੀ ਜੱਦੀ ਫਸਲ ਨਹੀਂ ਹੈ, ਇਸ ਲਈ ਪੰਜਾਬ ਵਿੱਚ ਝੋਨਾ ਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ।

**ਸੁਪਰੀਮ ਕੋਰਟ ਦੀ ਟਿੱਪਟੀ ਉੱਤੇ ਸਵਾਲ**

ਝੋਨੇ ਦੀ ਪਰਾਲੀ ਕਾਰਨ ਹੋਏ ਪ੍ਰਦੂਸ਼ਣ ਦੇ ਮੱਦੇਨਜ਼ਰ ਦੇਸ਼ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਨੂੰ ਪਰਾਲੀ ਸਾੜਨ ਦੇ ਅਮਲ ਨੂੰ ਰੋਕਣ ਲਈ ਫ਼ੌਰੀ ਲੋੜੀਂਦੇ ਕਦਮ ਚੁੱਕਣ ਦੇ ਹੁਕਮ ਦਿੱਤੇ ਸਨ। ਸੁਪਰੀਮ ਕੋਰਟ ਨੇ ਆਖਿਆ ਸੀ ਕਿ ਕਿਸਾਨ ਨੂੰ ਝੋਨੇ ਦੀ ਥਾਂ ਬਦਲਵੀਂਆਂ ਫ਼ਸਲਾਂ ਪੈਦਾ ਕਰਨ ਦੇ ਲਈ ਉਤਸ਼ਾਹਿਤ ਕੀਤਾ ਜਾਵੇ।ਅਦਾਲਤ ਨੇ ਆਖਿਆ ਕਿ ਸਵਿੱਚ ਓਵਰ ਤਾਂ ਹੋ ਸਕਦਾ ਹੈ, ਜਦੋਂ ਕਿਸਾਨਾਂ ਨੂੰ ਝੋਨੇ ਦੀ ਥਾਂ ਬਦਲਵੀਂਆਂ ਫ਼ਸਲਾਂ ਉੱਤੇ ਐੱਮਐੱਸਪੀ ਦਿੱਤੀ ਜਾਵੇ।ਪੰਜਾਬ ਦੇ ਕੁੱਲ ਖੇਤੀਬਾੜੀ ਯੋਗ ਰਕਬੇ ਦਾ 85 ਫ਼ੀਸਦੀ ਝੋਨੇ ਦੀ ਫ਼ਸਲ ਦੇ ਕਾਸ਼ਤ ਅਧੀਨ ਹੈ।ਪੰਜਾਬ ਵਿੱਚ ਝੋਨਾ ਲਾਉਣਾ ਬੰਦ ਕਰਨ ਵਾਲੇ ਅਦਾਲਤ ਦੇ ਸੁਝਾਅ ਤੋਂ ਬਾਅਦ ਖੇਤੀ, ਆਰਥਿਕ ਤੇ ਖੁਰਾਕ ਸੁਰੱਖਿਆ ਮਾਹਰਾਂ ਨੇ ਕਈ ਸਵਾਲ ਵੀ ਚੁੱਕੇ ਹਨ। ਮਾਹਰ ਸਵਾਲ ਕਰਦੇ ਹਨ ਕਿ ਕੀ ਪੰਜਾਬ ਵਿੱਚ ਝੋਨੇ ਦੀ ਪੈਦਾਵਾਰ ਬੰਦ ਕਰ ਕੇ ਕਿਸਾਨਾਂ ਨੂੰ ਦੂਜੀਆਂ ਫ਼ਸਲਾਂ ਲਈ ਉਤਸ਼ਾਹਿਤ ਇੰਨੇ ਸੌਖੇ ਤਰੀਕੇ ਨਾਲ ਕੀਤਾ ਜਾ ਸਕਦਾ। ਸਵਾਲ ਇਹ ਵੀ ਹੈ ਕਿ ਜੇਕਰ ਪੰਜਾਬ ਨੇ ਝੋਨਾ ਲਾਉਣਾ ਬੰਦ ਕਰ ਦਿੱਤਾ ਤਾਂ ਸੂਬੇ ਦੀ ਕਿਸਾਨੀ ਦੀ ਆਰਥਿਕਤਾ ਬਚੀ ਰਹਿ ਸਕੇਗੀ, ਇਸ ਦਾ ਮੁਲਕ ਦੀ ਖੁਰਾਕ ਸੁਰੱਖਿਆ ਉੱਤੇ ਕੀ ਅਸਰ ਪਵੇਗਾ। ਸਰਵਨ ਸਿੰਘ ਮੁਤਾਬਕ ਜੇਕਰ ਪੰਜਾਬ ਵਿੱਚ ਝੋਨਾ ਖ਼ਤਮ ਕਰ ਦਿੱਤਾ ਗਿਆ ਤਾਂ ਉਸ ਵਾਂਗ ਪੰਜਾਬ ਦੇ ਕਿਸਾਨ ਨੂੰ ਵੱਡਾ ਵਿੱਤੀ ਨੁਕਸਾਨ ਹੋਵੇਗਾ।ਉਨ੍ਹਾਂ ਨਾਲ ਹੀ ਸਪੱਸ਼ਟ ਕੀਤਾ ਕਿ ਝੋਨੇ ਤੋਂ ਬਿਨਾਂ ਨਾ ਕਿਸਾਨ ਦਾ ਗੁਜ਼ਾਰਾ ਹੈ ਅਤੇ ਨਾਂ ਹੀ ਸਰਕਾਰਾਂ ਦਾ।ਇਸ ਪਿੰਡ ਦੇ ਇੱਕ ਹੋਰ ਕਿਸਾਨ ਸੁਰਿੰਦਰ ਸਿੰਘ ਸਾਡੀ ਮੁਲਾਕਾਤ ਹੁੰਦੀ ਹੈ।

ਸੁਰਿੰਦਰ ਸਿੰਘ ਦੱਸਦੇ ਹਨ ਕਿ ਉਸ ਨੇ ਕੁਝ ਸਮਾਂ ਪਹਿਲਾਂ ਕਣਕ-ਝੋਨੇ ਦੀ ਥਾਂ ਦੂਜੀਆਂ ਫ਼ਸਲਾਂ ਜਿਵੇਂ ਸਰੋਂ, ਮੂੰਗੀ ਪੈਦਾ ਕੀਤੀਆਂ ਪਰ ਅਫ਼ਸੋਸ ਉਨ੍ਹਾਂ ਦਾ ਮੰਡੀ ਵਿੱਚ ਮੁੱਲ ਹੀ ਨਹੀਂ ਮਿਲਿਆ, ਇਸ ਕਰ ਕੇ ਉਹ ਫਿਰ ਤੋਂ ਝੋਨੇ ਦੀ ਖੇਤੀ ਕਰਨ ਲੱਗੇ ਹਨ।ਸਪੱਸ਼ਟ ਹੈ ਕਿ ਕਿਸਾਨ ਉਹੀ ਫ਼ਸਲ ਪੈਦਾ ਕਰੇਗਾ ਜਿਸ ਤੋਂ ਉਸ ਨੂੰ ਆਮਦਨੀ ਹੋਵੇਗੀ।ਸੁਰਿੰਦਰ ਸਿੰਘ ਦੱਸਦੇ ਹਨ ਕਿ ਝੋਨੇ ਦਾ ਝਾੜ ਵੀ ਦੂਜੀਆਂ ਫ਼ਸਲਾਂ ਤੋਂ ਜ਼ਿਆਦਾ ਨਿਕਲਦਾ ਹੈ।ਇੱਕ ਏਕੜ ਵਿੱਚੋਂ ਝੋਨੇ ਤੋਂ ਕਰੀਬ ਪੰਜਾਹ ਹਜ਼ਾਰ ਦੀ ਆਮਦਨੀ ਹੋ ਜਾਂਦੀ ਹੈ।ਇਸ ਕਰ ਕੇ ਉਹ ਇਸ ਫ਼ਸਲ ਨੂੰ ਪੈਦਾ ਕਰਦੇ ਹਨ।

**ਝੋਨੇ ਦੇ ਮੁਕਾਬਲੇ ਦੂਜੀਆਂ ਫਸਲਾਂ ਦੀ ਕੀ ਹੈ ਸਥਿਤੀ**

ਦੇਸ਼ ਵਿੱਚ ਚਾਵਲ ਪੈਦਾ ਕਰਨ ਵਾਲੇ ਸੂਬਿਆਂ ਵਿੱਚੋਂ ਪੰਜਾਬ ਦਾ ਸਥਾਨ ਤੀਜਾ ਹੈ।ਆਰਥਿਕ ਸਰਵੇ 2022-23 ਦੇ ਮੁਤਾਬਕ ਬੰਗਾਲ ਹਰ ਸਾਲ 16.76 ਮਿਲੀਅਨ ਟਨ, ਉੱਤਰ ਪ੍ਰਦੇਸ਼ 15.27 ਮਿਲੀਅਨ ਟਨ, ਪੰਜਾਬ 12.89 ਮਿਲੀਅਨ ਟਨ ਧਾਨ ਪੈਦਾ ਕਰਦਾ ਹੈ।

ਪੰਜਾਬ ਦੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਝੋਨੇ ਦੀ ਪੈਦਾਵਾਰ ਕਰ ਕੇ ਪੰਜਾਬ 22 ਫ਼ੀਸਦੀ ਕੇਂਦਰੀ ਅਨਾਜ ਭੰਡਾਰਨ ਵਿੱਚ ਹਿੱਸਾ ਪਾਉਂਦਾ ਹੈ। ਜਸਵਿੰਦਰ ਸਿੰਘ ਨੇ ਦੱਸਿਆ ਕਿ ਝੋਨੇ ਨੂੰ ਪੰਜਾਬ ਵਿਚੋਂ ਬੰਦ ਕਰਨ ਦੀ ਥਾਂ ਇਸ ਅਧੀਨ ਰਕਬੇ ਨੂੰ ਘਟਾਉਣ ਦੀ ਸਰਕਾਰ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਕਹਿੰਦੇ ਹਨ, ਪੰਜਾਬ ਦੀ ਆਰਥਿਕਤਾ ਖੇਤੀਬਾੜੀ ਉੱਤੇ ਨਿਰਭਰ ਕਰਦੀ ਹੈ ਜੇਕਰ ਇਸ ਫ਼ਸਲ ਨੂੰ ਇੱਕ ਦਮ ਬੰਦ ਕਰ ਦਿੱਤਾ ਤਾਂ ਦੇਸ਼ ਦੇ ਅਨਾਜ ਭੰਡਾਰਨ ਅਤੇ ਕਿਸਾਨਾਂ ਦੀ ਆਰਥਿਕਤਾ ਲਈ ਠੀਕ ਨਹੀਂ ਹੋਵੇਗਾ।ਝੋਨੇ ਦੇ ਮੁਕਾਬਲੇ ਪੰਜਾਬ ਵਿੱਚ ਮੱਕੀ ਦੀ ਕਾਸ਼ਤ ਇੱਕ ਲੱਖ ਹੈਕਟੇਅਰ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ ਨਰਮੇ ਅਧੀਨ ਰਕਬੇ ਵਿੱਚ ਵੀ ਕਮੀ ਆਈ ਕਾਰਨ ਇਸ ਫ਼ਸਲ ਨੂੰ ਪੈਣ ਵਾਲੀ ਬਿਮਾਰੀ।

**ਝੋਨੇ ਨੂੰ ਪੰਜਾਬ ਵਿੱਚ ਲੈ ਕੇ ਆਉਣ ਲਈ ਕੌਣ ਜ਼ਿੰਮੇਵਾਰ**

ਆਰਥਿਕ ਮਾਮਲਿਆਂ ਦੇ ਜਾਣਕਾਰ ਰਣਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਵੱਲੋਂ ਤਾਂ ਹੁਣ ਝੋਨੇ ਬਾਰੇ ਟਿੱਪਣੀ ਕੀਤੀ ਗਈ ਹੈ ਪਰ ਪੰਜਾਬ ਦੇ ਮਾਹਰ ਤਾਂ ਕਾਫ਼ੀ ਸਮੇਂ ਤੋਂ ਇਸ ਫ਼ਸਲ ਨੂੰ ਜਿਸ ਤਰੀਕੇ ਨਾਲ ਉਤਸ਼ਾਹਿਤ ਕੀਤਾ ਗਿਆ ਉਸ ਨੂੰ ਗ਼ੈਰ-ਕੁਦਰਤੀ ਦੱਸ ਰਹੇ ਹਨ।ਪ੍ਰੋਫੈਸਰ ਘੁੰਮਣ ਅਨੁਸਾਰ ਕੇਂਦਰ ਨੇ ਦੇਸ਼ ਵਿੱਚ ਅਨਾਜ ਦੀ ਲੋੜ ਨੂੰ ਪੂਰਾ ਕਰਨ ਦੇ ਲਈ ਇੱਕ ਖ਼ਾਸ ਨੀਤੀ ਤਹਿਤ ਪੰਜਾਬ ਵਿੱਚ ਝੋਨੇ ਦੀ ਫ਼ਸਲ ਨੂੰ ਉਤਸ਼ਾਹਿਤ ਕੀਤਾ ਹੈ।ਪ੍ਰੋਫੈਸਰ ਘੁੰਮਣ ਨੇ ਦੱਸਿਆ, ਝੋਨਾ ਕਿਸਾਨ ਦੀ ਮਰਜ਼ੀ ਨਾਲ ਨਹੀਂ ਆਇਆ, ਬਲਕਿ ਸਰਕਾਰਾਂ ਕਾਰਨ ਪੰਜਾਬ ਵਿੱਚ ਆਇਆ ਹੈ। ਮੌਜੂਦਾ ਸਮੇਂ ਵਿੱਚ ਪੰਜਾਬ ਵਿੱਚ 85 ਫ਼ੀਸਦੀ ਕਿਸਾਨ ਝੋਨੇ ਦੀ ਖੇਤੀ ਕਰਦੇ ਹਨ, ਇਹ ਸਭ ਕੁਝ ਸਰਕਾਰਾਂ ਦੀ ਮਰਜ਼ੀ ਨਾਲ ਹੀ ਹੋਇਆ ਹੈ।ਸਰਕਾਰ ਨੇ ਨਵੇਂ ਬੀਜ, ਬਿਜਲੀ ਨਾਲ ਚੱਲਣ ਵਾਲੀਆਂ ਮੋਟਰਾਂ ਦੇ ਕੁਨੈਕਸ਼ਨ ਦਿੱਤੇ, ਉੱਥੇ ਹੀ ਝੋਨੇ ਉੱਤੇ ਐੱਮਐੱਸਪੀ ਦਾ ਐਲਾਨ ਕਰ ਕੇ ਕਿਸਾਨ ਦੀ ਫ਼ਸਲ ਦੀ ਖ਼ਰੀਦ ਯਕੀਨੀ ਬਣਾਈ।ਕੀ ਪੰਜਾਬ ਵਿੱਚ ਹੁਣ ਝੋਨੇ ਦੀ ਪੈਦਾਵਾਰ ਬੰਦ ਕਰਨੀ ਚਾਹੀਦੀ ਹੈ, ਬਾਰੇ ਸਵਾਲ ਦੇ ਜਵਾਬ ਵਿੱਚ ਪ੍ਰੋਫੈਸਰ ਘੁੰਮਣ ਆਖਦੇ ਹਨ ਕਿ ਇਸ ਸਬੰਧੀ ਤਿੰਨ ਪਹਿਲੂ ਹਨ।

ਪਹਿਲਾਂ ਇਸ ਨਾਲ ਕਿਸਾਨ ਅਤੇ ਦੂਜਾ ਸੂਬੇ ਦੀ ਆਰਥਿਕਤਾ ਜੁੜੀ ਹੋਈ ਹੈ। ਇਸ ਕਰ ਕੇ ਝੋਨੇ ਨੂੰ ਹਟਾਉਣ ਲਈ ਬਕਾਇਦਾ ਲੰਮੇ ਸਮੇਂ ਲਈ ਨੀਤੀ ਬਣਾਉਣੀ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਪੰਜਾਬ ਵਿਚੋਂ 100 ਫ਼ੀਸਦੀ ਝੋਨੇ ਦੀ ਪੈਦਾਵਾਰ ਬਿਲਕੁਲ ਨਹੀਂ ਬੰਦ ਨਹੀਂ ਕੀਤੀ ਜਾ ਸਕਦੀ, ਇਸ ਦਾ ਸਭ ਤੋਂ ਵੱਡਾ ਕਾਰਨ ਦੇਸ਼ ਦੀ ਅਨਾਜ ਦੀ ਲੋੜ ਨੂੰ ਪੂਰਾ ਕਰਨਾ ਹੈ। ਉਨ੍ਹਾਂ ਨੇ ਆਖਿਆ, ਝੋਨੇ ਦੀ ਥਾਂ ਦੂਜੀਆਂ ਫ਼ਸਲਾਂ ਉੱਤੇ ਸਰਕਾਰ ਨੂੰ ਐੱਮਐੱਸਪੀ ਦੇਣੀ ਹੋਵੇਗੀ ਤਾਂ ਜੋ ਕਿਸਾਨ ਨੂੰ ਆਪਣੀ ਆਮਦਨੀ ਦਾ ਭਰੋਸਾ ਹੋਵੇ।

ਕੇਂਦਰ ਸਰਕਾਰ ਵੱਲੋਂ 23 ਫ਼ਸਲਾਂ ਉੱਤੇ ਐੱਮਐੱਸਪੀ ਐਲਾਨੀ ਜਾਂਦੀ ਹੈ ਪਰ ਪੰਜਾਬ ਅਤੇ ਹਰਿਆਣਾ ਵਿੱਚ ਇਹ ਸਿਰਫ਼ ਕਣਕ ਅਤੇ ਝੋਨੇ ਉੱਤੇ ਮਿਲਦੀ ਹੈ। ਇਸ ਕਰ ਕੇ ਕਿਸਾਨਾਂ ਦਾ ਰੁਝਾਨ ਇਹਨਾਂ ਦੋ ਫ਼ਸਲਾਂ ਉੱਤੇ ਹੀ ਹੈ।ਉਨ੍ਹਾਂ ਆਖਿਆ ਦੂਜੀਆਂ ਫ਼ਸਲਾਂ ਸਬੰਧੀ ਲੋੜੀਂਦੇ ਪ੍ਰਬੰਧ ਕਰਨਾ ਸਰਕਾਰਾਂ ਦਾ ਕੰਮ ਹੈ ਪਰ ਅਫ਼ਸੋਸ ਸਰਕਾਰਾਂ (ਕੇਂਦਰ ਅਤੇ ਰਾਜ ਸਰਕਾਰ) ਇਸ ਸਬੰਧੀ ਨੀਤੀ ਤਿਆਰ ਕਰਨ ਵਿੱਚ ਅਸਫ਼ਲ ਰਹੀਆਂ ਹਨ।ਉਨ੍ਹਾਂ ਕੇਂਦਰ ਸਰਕਾਰ ਨੇ ਝੋਨੇ ਹੇਠ ਰਕਬੇ ਨੂੰ ਘਟਾਉਣ ਸਬੰਧੀ ਸਿਰਫ਼ ਸਲਾਹਾਂ ਦਿੱਤੀਆਂ ਹਨ, ਕੀਤਾ ਕੁਝ ਨਹੀਂ ਹੈ।

**ਝੋਨਾ ਬੰਦ ਕਰਨ ਦਾ ਕੀ ਹੋਵੇਗਾ ਅਸਰ**

ਪੰਜਾਬ ਦੇ ਸਾਬਕਾ ਖੇਤੀਬਾੜੀ ਸਕੱਤਰ ਕਾਹਨ ਸਿੰਘ ਪੰਨੂ ਮੁਤਾਬਕ ਝੋਨੇ ਨੂੰ ਪੰਜਾਬ ਵਿੱਚੋਂ ਖ਼ਤਮ ਕਰਨ ਦੀ ਬਜਾਏ ਇਸ ਹੇਠਲੇ ਰਕਬੇ ਨੂੰ ਘਟਾਉਣ ਦੀ ਲੋੜ ਹੈ।ਜੇਕਰ ਪੰਜਾਬ ਵਿੱਚ ਝੋਨਾ ਖ਼ਤਮ ਕਰ ਦਿੱਤਾ ਗਿਆ ਤਾਂ ਕੌਮੀ ਅਨਾਜ ਭੰਡਾਰਨ ਲਈ ਵੱਡੀ ਦਿੱਕਤ ਪੈਦਾ ਹੋ ਜਾਵੇਗੀ।ਉਨ੍ਹਾਂ ਆਖਿਆ, ਦੂਜਾ ਮਸਲਾ ਕਿਸਾਨ ਦੀ ਆਮਦਨੀ ਨਾਲ ਵੀ ਜੁੜਿਆ ਹੋਇਆ ਹੈ। ਕਿਸਾਨਾਂ ਨੂੰ ਜਿੰਨੀ ਆਮਦਨੀ ਝੋਨਾ ਪੈਦਾ ਕਰ ਕੇ ਹੁੰਦੀ ਹੈ ਉਹ ਦੂਜੀਆਂ ਫ਼ਸਲਾਂ ਤੋਂ ਨਹੀਂ ਹੁੰਦੀ। ਇਸ ਤੋਂ ਇਲਾਵਾ ਸਾਲਾਨਾ ਕਰੀਬ 40,000 ਤੋਂ 45000 ਕਰੋੜ ਰੁਪਏ ਝੋਨੇ ਦੀ ਖ਼ਰੀਦ ਵਜੋਂ ਕੇਂਦਰ ਤੋਂ ਪੰਜਾਬ ਨੂੰ ਆਉਂਦਾ ਹੈ।ਇਸ ਨਾਲ ਸੂਬੇ ਦੀ ਅਤੇ ਕਿਸਾਨਾਂ ਦੀ ਆਰਥਿਕਤਾ ਜੁੜੀ ਹੋਈ ਹੈ। ਇਸ ਕਰ ਕੇ ਇਸ ਨੂੰ ਇੱਕ ਦਮ ਬੰਦ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਦੱਸਿਆ ਕਿ ਅਨਾਜ ਸੰਕਟ ਨੂੰ ਦੇਖਦੇ ਹੋਏ ਕੁਝ ਸਮਾਂ ਪਹਿਲਾਂ ਝੋਨੇ ਦੀ ਐਕਸਪੋਰਟ ਕੇਂਦਰ ਨੂੰ ਬੰਦ ਕਰਨੀ ਪਈ ਸੀ ਅਤੇ ਇੱਥੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿਚੋਂ ਪੈਦਾ ਹੋਣਾ ਵਾਲਾ ਝੋਨਾ ਕਿੰਨਾ ਜ਼ਰੂਰੀ ਹੈ।ਉਨ੍ਹਾਂ ਕਹਿੰਦੇ ਹਨ, ਝੋਨਾ ਪੈਦਾ ਕਰਨ ਵਿੱਚ ਕਿਸਾਨਾਂ ਨੂੰ ਹਾਸਲ ਹੋਇਆ ਤਜ਼ਰਬਾ ਅਤੇ ਕਰੋੜਾਂ ਰੁਪਏ ਦੀ ਮਸ਼ੀਨਰੀ ਖ਼ਰੀਦੀ ਹੈ, ਪੰਜ ਹਜ਼ਾਰ ਦੇ ਕਰੀਬ ਸ਼ੈਲਰ ਅਤੇ ਇਸ ਨਾਲ ਜੁੜੇ ਹੋਏ ਲੋਕਾਂ ਦਾ ਕੀ ਹੋਵੇਗਾ ਇਸ ਦਾ ਹੱਲ ਵੀ ਸਰਕਾਰਾਂ ਨੂੰ ਸੋਚਣਾ ਹੋਵੇਗਾ।ਇੱਕ ਸਥਾਪਿਤ ਢਾਂਚੇ ਨੂੰ ਖ਼ਤਮ ਕਰ ਕੇ ਦੂਜਾ ਢਾਂਚਾ ਕਾਇਮ ਕਰਨ ਬਹੁਤ ਮੁਸ਼ਕਿਲ ਹੈ। ਫ਼ਿਲਹਾਲ ਪੰਜਾਬ ਵਿੱਚ ਦੋ ਲੱਖ ਹੈਕਟੇਅਰ ਵਿੱਚ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਹੈ ਅਤੇ ਜੇਕਰ ਇਸ ਨੂੰ 35 ਲੱਖ ਹੈਕਟੇਅਰ ਤੱਕ ਲੈ ਕੇ ਜਾਣਾ ਹੈ ਤਾਂ ਉਸ ਮੁਤਾਬਕ ਢਾਂਚਾ ਵੀ ਤਾਂ ਕਾਇਮ ਕਰਨਾ ਹੋਵੇਗਾ।

## ਪੰਜਾਬ ਵਿੱਚ ਕਿਸਾਨ ਕਿਉਂ ਕਰਦੇ ਹਨ ਝੋਨੇ ਦੀ ਖੇਤੀ

ਪੰਜਾਬ ਵਿੱਚ ਕਰੀਬ 32 ਲੱਖ ਹੈਕਟੇਅਰ ਵਿੱਚ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ।ਸਰਕਾਰ ਅਤੇ ਖੇਤੀਬਾੜੀ ਮਾਹਰ ਕਿਸਾਨਾਂ ਨੂੰ ਕਣਕ-ਝੋਨੇ ਦੇ ਰਵਾਇਤੀ ਚੱਕਰ ਵਿੱਚੋਂ ਨਿਕਲ ਕੇ ਦੂਜੀਆਂ ਫ਼ਸਲਾਂ ਪੈਦਾ ਕਰਨ ਦੀ ਅਪੀਲ ਕਰ ਰਹੇ ਹਨ।ਪਰ ਤਮਾਮ ਯਤਨਾਂ ਅਤੇ ਪ੍ਰਚਾਰ ਦੇ ਬਾਵਜੂਦ ਝੋਨੇ ਹੇਠ ਰਕਬਾ ਘੱਟਣ ਦੀ ਥਾਂ ਦਿਨ ਪ੍ਰਤੀ ਦਿਨ ਵੱਧ ਹੀ ਰਿਹਾ ਹੈ।ਮਾਹਰਾਂ ਮੁਤਾਬਕ ਇਸ ਦਾ ਮੁੱਖ ਕਾਰਨ ਝੋਨੇ ਦੀ ਬਰਸਾਤ ਦੀ ਮਾਰ ਝੱਲ ਲੈਣ ਦੀ ਸ਼ਕਤੀ ਹੈ।ਦੂਜਾ ਕਾਰਨ ਪਹਿਲਾਂ ਤੋਂ ਮਿਥੇ ਮੁੱਲ ਉੱਤੇ ਯਕੀਨੀ ਖ਼ਰੀਦ ਭਾਵ ਐੱਮਐੱਸਪੀ, ਤੀਜਾ ਕਾਰਨ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਇਸ ਤੋਂ ਮਿਲਣ ਵਾਲਾ ਵੱਧ ਝਾੜ ਮਿਲਣਾ।ਅਸਲ ਵਿੱਚ ਜੇ ਪੰਜਾਬ ਦੇ ਕਿਸਾਨ ਦੇ ਘਰ ਚੁੱਲ੍ਹਾ ਮਘਦਾ ਹੈ ਤਾਂ ਉਸ ਵਿੱਚ ਝੋਨੇ ਦਾ ਸਭ ਤੋਂ ਵੱਧ ਯੋਗਦਾਨ ਹੈ। ਪਟਿਆਲਾ ਜ਼ਿਲ੍ਹੇ ਦੇ ਧਨੇੜੀ ਜੱਟਾਂ ਦੇ ਕਿਸਾਨ ਸਵਰਨ ਸਿੰਘ ਆਖਦੇ ਹਨ ਕਿ ਕਿਸਾਨ ਨੂੰ ਇਸ ਗੱਲ ਦਾ ਇਲਮ ਹੈ ਕਿ ਝੋਨੇ ਨਾਲ ਜ਼ਮੀਨਦੋਜ਼ ਪਾਣੀ ਖ਼ਤਮ ਹੋ ਰਿਹਾ ਹੈ। ਸਵਰਨ ਸਿੰਘ ਆਖਦੇ ਹਨ ਕਿ ਕਿਸਾਨ ਮਜਬੂਰ ਹੈ ਝੋਨੇ ਦੀ ਕਾਸ਼ਤ ਕਰਨ ਦੇ ਲਈ, ਕਿਉਂਕਿ ਇਸ ਫ਼ਸਲ ਉੱਤੇ ਐੱਮਐੱਸਪੀ ਮਿਲਦੀ ਹੈ। ਉਨ੍ਹਾਂ ਆਖਿਆ, ਜੇਕਰ ਸਰਕਾਰ ਦੂਜੀਆਂ ਫ਼ਸਲਾਂ ਉੱਤੇ ਐੱਮਐੱਸਪੀ ਦੇਵੇ ਤਾਂ ਅਸੀਂ ਉਸ ਦੀ ਵੀ ਖੇਤੀ ਕਰਾਂਗੇ। ਝੋਨੇ ਦੀ ਕਾਸ਼ਤ ਕਿਸਾਨ ਨੇ ਆਪਣੀ ਮਰਜ਼ੀ ਨਾਲ ਨਹੀਂ ਕੀਤੀ ਬਲਕਿ ਸਰਕਾਰ ਦੇ ਕਹਿਣ ਉੱਤੇ ਕਰਨੀ ਸ਼ੁਰੂ ਕੀਤੀ।ਸਰਵਨ ਸਿੰਘ ਮੁਤਾਬਕ ਜੇਕਰ ਪੰਜਾਬ ਵਿੱਚੋਂ ਝੋਨੇ ਦੀ ਕਾਸ਼ਤ ਬੰਦ ਕਰ ਦਿੱਤੀ ਗਈ ਤਾਂ ਉਨ੍ਹਾਂ ਦੇ ਘਰ ਦੀ ਵਿੱਤੀ ਹਾਲਤ ਹੋਰ ਕਮਜ਼ੋਰ ਹੋ ਜਾਵੇਗੀ।ਕਰੀਬ ਪੰਜ ਏਕੜ ਜ਼ਮੀਨ ਦੇ ਮਾਲਕ ਸਰਵਨ ਸਿੰਘ ਦੱਸਿਆ ਉਹ ਮੁੱਖ ਤੌਰ ਉੱਤੇ ਦੋ ਫ਼ਸਲਾਂ ਕਣਕ ਅਤੇ ਝੋਨੇ ਦੀ ਖੇਤੀ ਕਰਦੇ ਹਨ, ਇਸ ਦਾ ਕਾਰਨ ਇਹਨਾਂ ਦੋਵਾਂ ਫ਼ਸਲਾਂ ਉੱਤੇ ਮਿਲਣ ਵਾਲੀ ਐੱਮਐੱਸਪੀ ਹੈ।ਉਨ੍ਹਾਂ ਆਖਿਆ ਕਿ ਉਹ ਇਸ ਗੱਲ ਤੋਂ ਜਾਣੂ ਹਨ ਕਿ ਝੋਨਾ ਪੈਦਾ ਕਰਨ ਨਾਲ ਜ਼ਮੀਨਦੋਜ਼ ਪਾਣੀ ਖ਼ਤਮ ਹੋ ਰਿਹਾ ਹੈ ਅਤੇ ਦੂਜਾ ਪਰਾਲੀ ਦੀ ਅੱਗ ਕਾਰਨ ਪ੍ਰਦੂਸ਼ਣ ਪੈਦਾ ਹੁੰਦਾ ਹੈ।



# ਬਹੁਤ ਬੁਰੀ ਹੈ ਸ਼ੱਕ ਦੀ ਬਿਮਾਰੀ

ਪੁਰਾਣੀ ਕਹਾਵਤ ਹੈ ਕਿ ਸ਼ੱਕ ਅਤੇ ਵਹਿਮ ਦੀ ਬਿਮਾਰੀ ਦਾ ਇਲਾਜ ਹਕੀਮ ਲੁਕਮਾਨ ਕੋਲ ਵੀ ਨਹੀਂ ਸੀ। ਪੰਜਾਬ ਵਿੱਚ ਕੁੱਲ ਕਤਲਾਂ ਦੇ ਕਰੀਬ 10% ਕਤਲ ਪਤੀਆਂ ਵੱਲੋਂ ਪਤਨੀਆਂ ਦੇ ਇਸ ਸ਼ੱਕ ਕਾਰਨ ਕੀਤੇ ਜਾਂਦੇ ਹਨ ਕਿ ਉਨ੍ਹਾਂ ਦੇ ਕਿਸੇ ਨਾਲ ਨਜਾਇਜ਼ ਸਬੰਧ ਹਨ। ਅੱਜ ਦੇ ਜ਼ਮਾਨੇ ਵਿੱਚ ਜੇ ਕਿਸੇ ਨਾਲ ਨਹੀਂ ਨਿਭਦੀ ਜਾਂ ਕੋਈ ਨਜਾਇਜ਼ ਸਬੰਧਾਂ ਵਰਗੀ ਗੱਲ ਹੈ ਤਾਂ ਅਰਾਮ ਨਾਲ ਤਲਾਕ ਲਿਆ ਜਾ ਸਕਦਾ ਹੈ, ਕਤਲ ਵਰਗਾ ਗੁਨਾਹੇ ਅਜ਼ੀਮ ਕਰਨ ਦੀ ਕੀ ਜ਼ਰੂਰਤ ਹੈ ?

ਸਰਕਾਰੀ ਮਹਿਕਮਿਆਂ ਵਿੱਚ ਵੀ ਇੱਕ ਤੋਂ ਵੱਧ ਇੱਕ ਸ਼ੱਕੀ ਅਫਸਰ ਵੇਖਣ ਨੂੰ ਮਿਲਦੇ ਹਨ। ਕਈ ਤਾਂ ਆਪਣੇ ਸਟਾਫ 'ਤੇ ਵੀ ਯਕੀਨ ਨਹੀਂ ਕਰਦੇ। ਸਾਡਾ ਇੱਕ ਅਫਸਰ ਹੁੰਦਾ ਸੀ ਜੋ ਹਰ ਤੀਸਰੇ ਦਿਨ ਡਰਾਈਵਰ ਬਦਲ ਦਿੰਦਾ ਸੀ। ਉਹ ਤੁਰਨ ਵੇਲੇ ਡਰਾਈਵਰ ਨੂੰ ਕਦੇ ਵੀ ਇਹ ਨਹੀਂ ਸੀ ਦੱਸਦਾ ਹੁੰਦਾ ਕਿ ਜਾਣਾ ਕਿੱਥੇ ਹੈ, ਬੱਸ ਮੋੜ ਆਉਣ 'ਤੇ ਸੱਜੇ ਖੱਬੇ ਕਹੀ ਜਾਣਾ। ਡਰਾਈਵਰ ਦੀ ਜਾਨ ਟੰਗੀ ਰਹਿੰਦੀ ਸੀ ਕਿ ਪਤਾ ਨਹੀਂ ਅਗਲੇ ਮੋੜ ਤੋਂ ਕਿਸ ਪਾਸੇ ਮੁੜਨਾ ਹੈ ? ਘਬਰਾਹਟ ਕਾਰਨ ਡਰਾਈਵਰ ਤੋਂ ਗਲਤੀ ਹੋ ਜਾਂਦੀ ਸੀ ਤੇ ਨਾਲ ਹੀ ਬਦਲੀ। ਬਦਲੇ ਜਾਣ 'ਤੇ ਸਭ ਤੋਂ ਪਹਿਲਾਂ ਡਰਾਈਵਰ ਆਪਣੇ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਜਾਂਦੇ ਸਨ ਕਿ ਜਾਨ ਛੁੱਟੀ। ਇੱਕ ਵਾਰ ਉਸ ਦੀ ਪੋਸਟਿੰਗ ਚੰਡੀਗੜ੍ਹ ਸੀ ਤੇ ਉਸ ਨੇ ਕੋਈ ਚਿੱਠੀ ਪੋਸਟ ਕਰਨੀ ਸੀ। ਉਸ ਨੇ ਇੱਕ ਲੈਟਰ ਬਾਕਸ ਵੇਖ ਕੇ ਗੱਡੀ ਰੁਕਵਾ ਲਈ ਤੇ ਆਪਣੇ ਗੰਨਮੈਨ ਨੂੰ ਚਿੱਠੀ ਪੋਸਟ ਕਰਨ ਲਈ ਭੇਜ ਦਿੱਤਾ। ਗੰਨਮੈਨ ਦੀ ਮਾੜੀ ਕਿਸਮਤ ਕਿ ਉਸੇ ਵੇਲੇ ਡਾਕੀਏ ਨੇ ਲੈਟਰ ਬਾਕਸ ਖੋਲ੍ਹ ਕੇ ਚਿੱਠੀਆਂ ਬੈਗ ਵਿੱਚ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਗੰਨਮੈਨ ਨੇ ਫੁਰਤੀ ਮਾਰੀ ਤੇ ਫਟਾਫਟ ਚਿੱਠੀ ਡਾਕੀਏ ਨੂੰ ਫੜਾ ਦਿੱਤੀ ਜੋ ਉਸ ਨੇ ਬਿਨਾਂ ਵੇਖੇ ਝੋਲੇ ਵਿੱਚ ਸੁੱਟ ਲਈ। ਜਦੋਂ ਗੰਨਮੈਨ ਵਾਪਸ ਆਇਆ ਤਾਂ ਅਫਸਰ ਨੇ ਉਸ ਦੀ ਲਾਹ ਪਾਹ ਕਰ ਦਿੱਤੀ ਕਿ ਮੈਂ ਤੈਨੂੰ ਚਿੱਠੀ ਲੈਟਰ ਬਾਕਸ ਵਿੱਚ ਪਾਉਣ ਵਾਸਤੇ ਦਿੱਤੀ ਸੀ ਕਿ ਡਾਕੀਏ ਨੂੰ ਫੜਾਉਣ ਵਾਸਤੇ ? ਜੇ ਉਸ ਨੇ ਮੇਰੀ ਚਿੱਠੀ ਪੜ੍ਹ ਲਈ ਤਾਂ ? ਦਫਾ ਹੋ ਜਾ, ਉਸ ਤੋਂ ਚਿੱਠੀ ਲੈ ਕੇ ਦੁਬਾਰਾ ਲੈਟਰ ਬਾਕਸ ਵਿੱਚ ਪਾ ਕੇ ਆ। ਗੰਨਮੈਨ ਵਿਚਾਰਾ ਭੱਜ ਕੇ ਗਿਆ ਤੇ ਡਾਕੀਏ ਦੇ ਤਰਲੇ ਮਿੰਨਤਾਂ ਕਰ ਕੇ ਬੜੀ ਮੁਸ਼ਕਿਲ ਨਾਲ ਚਿੱਠੀ ਵਾਪਿਸ ਲੈ ਕੇ ਦੁਬਾਰਾ ਲੈਟਰ ਬਾਕਸ ਵਿੱਚ ਪਾ ਕੇ ਆਇਆ। ਇੱਕ ਹੋਰ ਅਫਸਰ, ਜੋ ਇੱਕ ਅੱਧ ਵਾਰ ਹੀ ਐਸ.ਐਸ.ਪੀ. ਜਾਂ ਕਿਸੇ ਹੋਰ ਪਬਲਿਕ ਡੀਲਿੰਗ ਵਾਲੀ ਪੋਸਟ 'ਤੇ ਤਾਇਨਾਤ ਰਿਹਾ ਹੈ, ਨੂੰ ਸ਼ੱਕ ਸੀ ਪੰਜਾਬ ਪੁਲਿਸ ਵਿੱਚ ਸਭ ਤੋਂ ਵੱਡੇ ਭ੍ਰਿਸ਼ਟਾਚਾਰੀ ਥਾਣੇ ਦੇ ਐਸ.ਐਚ.ਉ. ਨੇ ਮੁੱਖ ਮੁੰਸ਼ੀ ਹੀ ਹੁੰਦੇ ਹਨ। ਜਦੋਂ ਵੀ ਉਸ ਨੇ ਥਾਣੇ ਜਾਣਾ ਤਾਂ ਸਭ ਤੋਂ ਪਹਿਲਾਂ ਐਸ.ਐਚ.ਉ. ਤੇ ਮੁੰਸ਼ੀ ਦੇ ਕਵਾਟਰ ਦੀ ਤਲਾਸ਼ੀ ਲੈਣੀ, ਪਰ ਵਿਚਾਰੇ ਦੇ ਹੱਥ ਕਦੇ ਕੁਝ ਨਹੀਂ ਸੀ ਆਇਆ।

ਇਸੇ ਤਰਾਂ ਦਾ ਇੱਕ ਹੋਰ ਸ਼ੱਕੀ ਅਫਸਰ ਬਾਰਡਰ 'ਤੇ ਸਥਿੱਤ ਕਿਸੇ ਰੇਂਜ ਦਾ ਡੀ.ਆਈ.ਜੀ. ਲੱਗਾ ਹੋਇਆ ਸੀ ਜਿਸ ਨੂੰ ਵਹਿਮ ਸੀ ਕਿ ਸਾਰੀ ਪੰਜਾਬ ਪੁਲਿਸ ਵਿੱਚ ਸਿਰਫ ਉਹ ਹੀ ਇੱਕ ਇਮਾਨਦਾਰ ਅਫਸਰ ਹੈ। ਉਸ ਦੇ ਨਾਮ ਦਾ ਸ਼ਾਬਦਿਕ ਅਰਥ ਤਾਂ ਸੁੱਖ ਦੇਣ ਵਾਲਾ ਸੀ ਪਰ ਉਸ ਦੇ ਪੁੱਠੇ ਕੰਮਾਂ ਕਰ ਕੇ ਪੁਲਿਸ ਨੇ ਉਸ ਦਾ ਨਾਮ ਦੁੱਖ ਦੇਣ ਵਾਲਾ ਰੱਖਿਆ ਹੋਇਆ ਸੀ। ਉਸ ਰੇਂਜ ਦੀ ਇੱਕ ਸਬ ਡਵੀਜ਼ਨ ਦਾ ਡੀ.ਐਸ.ਪੀ. ਅਤੇ ਉਸ ਦੇ ਅਧੀਨ ਇੱਕ ਥਾਣੇ ਦਾ ਐਸ.ਐਚ.ਉ. ਇਕੱਠੇ ਰਾਤਰੀ ਗਸ਼ਤ ਕਰ ਰਹੇ ਸਨ। 1993 - 94 ਤੱਕ ਵੀ ਅੱਤਵਾਦ ਦਾ ਮਾੜਾ ਮੋਟਾ ਡਰ ਬਾਕੀ ਸੀ ਤੇ ਲੋਕ ਰਾਤ ਨੂੰ ਸਫਰ ਕਰਨ ਤੋਂ ਗੁਰੇਜ਼ ਹੀ ਕਰਦੇ ਸਨ। ਸੜਕਾਂ ਤਕਰੀਬਨ ਖਾਲੀ ਸਨ ਤੇ ਉਨ੍ਹਾਂ ਨੇ ਬੋਰੀਅਤ ਦੂਰ ਕਰਨ ਲਈ ਇੱਕ ਢਾਬੇ ਦੇ ਨਜ਼ਦੀਕ ਨਾਕਾ ਲਗਾ ਲਿਆ ਕਿ ਚਲੋ ਚਾਹ ਪੀ ਲੈਂਦੇ ਹਾਂ ਤੇ ਨਾਲੇ ਜੇ ਕੋਈ ਗੱਡੀ ਆਈ ਤਾਂ ਚੈੱਕ ਕਰ ਲਵਾਂਗੇ। ਰਾਤ ਦੇ ਇੱਕ ਦੋ ਵਜੇ ਰਾਜਸਥਾਨ ਵੱਲੋਂ ਇੱਕ ਗੱਡੀ ਆਈ ਜਿਸ ਨੂੰ ਮੁਲਾਜ਼ਮਾਂ ਨੇ ਰੁਕਣ ਦਾ ਇਸ਼ਾਰਾ ਕੀਤਾ, ਪਰ ਉਹ ਰੁਕਣ ਦੀ ਬਜਾਏ ਗੱਡੀ ਭਜਾ ਕੇ ਲੈ ਗਏ। ਪੁਲਿਸ ਨੇ ਫੌਰਨ ਪਿੱਛਾ ਕੀਤਾ ਤੇ ਗੱਡੀ ਘੇਰ ਕੇ ਵਾਪਸ ਢਾਬੇ 'ਤੇ ਲੈ ਆਏ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ
9501100062

ਜਦੋਂ ਗੱਡੀ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ 141 ਸੋਨੇ ਦੇ ਬਿਸਕੁਟ ਬਰਾਮਦ ਹੋਏ। ਉਨ੍ਹਾਂ ਦਿਨਾਂ ਵਿੱਚ ਹੈਰੋਇਨ ਦੀ ਸਮੱਸਿਆ ਅਜੇ ਸ਼ੁਰੂ ਨਹੀਂ ਸੀ ਹੋਈ। ਸਮੱਗਲਰਾਂ ਦਾ ਅਸੂਲ ਹੈ ਕਿ ਜੇ ਸੋਨਾ ਪਕੜਿਆ ਜਾਵੇ ਤਾਂ ਦਰਜ਼ ਹੋਏ ਮੁਕੱਦਮੇ ਦੀ ਐਫ.ਆਈ.ਆਰ. ਦੀ ਕਾਪੀ ਪਾਕਿਸਤਾਨ ਭੇਜਣੀ ਪੈਂਦੀ ਜਿਸ ਨਾਲ ਭਾਰਤੀ ਸਮੱਗਲਰ ਦੇ ਪੈਸੇ ਮਾਫ ਹੋ ਜਾਂਦੇ ਹਨ। ਕਿਉਂਕਿ ਇਹ ਇੰਟਰਨੈਸ਼ਨਲ ਮਾਮਲਾ ਹੁੰਦਾ ਹੈ ਤੇ ਸੋਨੇ ਦੇ ਬਿਸਕੁਟ ਗਬਨ ਕਰਨ 'ਤੇ ਬਹੁਤ ਰੌਲਾ ਪੈਂਦਾ ਹੈ, ਇਸ ਲਈ ਕੋਈ ਵਿਰਲਾ ਹੀ ਲੱਥੀ ਚੜ੍ਹੀ ਤੋਂ ਬੇਪ੍ਰਵਾਹ ਮਹਾਂ ਭ੍ਰਿਸ਼ਟ ਅਫਸਰ ਹੀ ਸੋਨਾ ਗਾਇਬ ਕਰਨ ਦੀ ਹਿੰਮਤ ਕਰਦਾ ਹੈ। ਵੈਸੇ ਵੀ ਸੋਨਾ ਪਕੜਨ ਵਾਲੇ ਇਹ ਦੋਵੇਂ ਪੁਲਿਸ ਅਫਸਰ ਇਮਾਨਦਾਰ ਕਿਸਮ ਦੇ ਸਨ। ਉਸ ਵੇਲੇ ਮੋਬਾਈਲ ਫੋਨ ਤਾਂ ਹੁੰਦੇ ਨਹੀਂ ਸਨ, ਇਸ ਲਈ ਡੀ.ਐਸ.ਪੀ. ਨੇ ਫੌਰਨ ਥਾਣੇ ਪਹੁੰਚ ਕੇ ਐਸ.ਐਸ.ਪੀ. ਨੂੰ ਫੋਨ ਖੜਕਾ ਦਿੱਤਾ। ਉਸ ਨੇ ਅੱਗੋਂ ਰੱਜ ਕੇ ਸ਼ਾਬਾਸ਼ ਦਿੱਤੀ ਤੇ ਕਿਹਾ ਕਿ ਸਵੇਰੇ ਥਾਣੇ ਹਾਜ਼ਰ ਰਹਿਣਾ, ਮੈਂ ਤੇ ਡੀ.ਆਈ.ਜੀ. 10 ਕੁ ਵਜੇ ਥਾਣੇ ਆਵਾਂਗੇ ਤੇ ਤੁਹਾਨੂੰ ਡੀ.ਆਈ.ਜੀ. ਕੋਲੋਂ ਇਨਾਮ ਇਕਰਾਮ ਦੁਆਵਾਂਗੇ।

ਡੀ.ਐਸ.ਪੀ. ਤੇ ਐਸ.ਐਚ.ਉ. ਨੂੰ ਖੁਸ਼ੀ ਦੇ ਮਾਰੇ ਰਾਤ ਨੂੰ ਨੀਂਦ ਨਾ ਆਈ ਤੇ ਉਹ ਸਵੇਰੇ ਸੱਤ ਵਜੇ ਹੀ ਥਾਣੇ ਪਹੁੰਚ ਗਏ। ਥਾਣੇ ਦੀ ਸਫਾਈ ਕਰਵਾ ਕੇ ਪਾਣੀ ਆਦਿ ਛਿੜਕਿਆ ਗਿਆ ਤੇ ਗੇਟ ਦੇ ਸਾਹਮਣੇ ਸੜਕ 'ਤੇ ਕਲੀ ਨਾਲ ਵੱਡਾ ਸਾਰਾ ਵੈੱਲਕਮ ਵੀ ਲਿਖਿਆ ਗਿਆ। ਦੋਵੇਂ ਜਣੇ ਪ੍ਰੈੱਸ ਕੀਤੀਆਂ ਹੋਈਆਂ ਨਵੀਆਂ ਵਰਦੀਆਂ ਪਹਿਨ ਕੇ ਆਏ ਸਨ ਤਾਂ ਜੋ ਅਖਬਾਰਾਂ ਵਿੱਚ ਫੋਟੋ ਵਧੀਆ ਆਵੇ। 11 ਕੁ ਵਜੇ ਡੀ.ਆਈ.ਜੀ. ਤੇ ਐਸ.ਐਸ.ਪੀ. ਦੀਆਂ ਗੱਡੀਆਂ ਧੂੜਾਂ ਉਡਾਉਂਦੀਆਂ ਥਾਣੇ ਆਣ ਵੜੀਆਂ। ਡੀ.ਐਸ.ਪੀ. ਤੇ ਐਸ.ਐਚ.ਉ. ਦੇ ਉਦੋਂ ਹੋਸ਼ ਉੱਡ ਗਏ ਜਦੋਂ ਡੀ.ਆਈ.ਜੀ. ਨੇ ਹੱਥ ਮਿਲਾਉਣ ਤੇ ਸ਼ਾਬਾਸ਼ ਦੇਣ ਦੀ ਬਜਾਏ ਦੋਵਾਂ ਨੂੰ ਖੁਸ਼ਕੀ ਜਿਹੀ ਨਾਲ ਦਫਤਰ ਤੋਂ ਬਾਹਰ ਜਾਣ ਲਈ ਕਹਿ ਦਿੱਤਾ ਤੇ ਖੁਦ ਸਮਗਲਰਾਂ ਨੂੰ ਢਾਹ ਲਿਆ। ਉਸ ਸ਼ੱਕੀ ਬੰਦੇ ਦਾ ਇੱਕ ਹੀ ਸਵਾਲ ਸੀ ਕਿ ਬਿਸਕੁਟ 140 ਜਾਂ 145 ਕਿਉਂ ਨਹੀਂ ਹਨ, 141 ਤਾਂ ਗੱਲ ਹੀ ਨਹੀਂ ਬਣਦੀ। ਦੱਸੋ ਡੀ.ਐਸ.ਪੀ. ਤੇ ਐਸ.ਐਚ.ਉ. ਨੇ ਕਿੰਨੇ ਬਿਸਕੁਟ ਕੱਢੇ ਹਨ ?

ਉਹ ਵਿਚਾਰੇ ਲੇਲਹੜੀਆਂ ਲੈਣ ਕਿ ਜ਼ਨਾਬ ਅਸੀਂ ਤਾਂ ਪਾਂਡੀ (ਕੋਰੀਅਰ) ਹਾਂ। ਸਾਨੂੰ 141 ਬਿਸਕੁਟ ਹੀ ਮਿਲੇ ਸਨ, ਇਨ੍ਹਾਂ ਨੇ ਕੋਈ ਬਿਸਕੁਟ ਨਹੀਂ ਕੱਢਿਆ। ਇਸ ਬੈਗ ਵਿੱਚ ਸੋਨੇ ਦਾ ਨਾਲ ਪਾਕਿਸਤਾਨ ਤੋਂ ਆਈ ਇੱਕ ਚਿੱਟ ਵੀ ਪਈ ਹੈ, ਉਸ 'ਤੇ ਲਿਖਿਆ ਹੈ ਕਿ ਕਿੰਨੇ ਬਿਸਕੁਟ ਹਨ ਤੇ ਕਿਹੜੇ ਬੰਦੇ ਨੂੰ ਕਿੰਨੇ ਬਿਸਕੁਟ ਪਹੁੰਚਾਉਣੇ ਹਨ। ਜਦੋਂ ਬੈਗ ਫਰੋਲਿਆ ਗਿਆ ਤਾਂ ਉਸ ਵਿੱਚੋਂ ਵਾਕਿਆ ਹੀ ਇੱਕ ਚਿੱਟ ਨਿਕਲ ਆਈ ਜਿਸ 'ਤੇ ਉਰਦੂ ਵਿੱਚ ਕੁਝ ਲਿਖਿਆ ਹੋਇਆ ਸੀ। ਸ਼ਹਿਰ ਵਿੱਚੋਂ ਉਰਦੂ ਜਾਨਣ ਵਾਲਾ ਇੱਕ ਬਜ਼ੁਰਗ ਆਦਮੀ ਲੱਭਿਆ ਗਿਆ ਜਿਸ ਨੇ ਪੜ੍ਹ ਕੇ ਦੱਸਿਆ ਕਿ 141 ਬਿਸਕੁਟ ਹਨ ਜੋ ਫਲਾਣੇ ਫਲਾਣੇ ਬੰਦੇ ਨੂੰ ਪਹੁੰਚਾਉਣੇ ਹਨ। ਪਰ ਡੀ.ਆਈ.ਜੀ. 'ਤੇ ਫਿਰ ਵੀ ਕੋਈ ਅਸਰ ਨਾ ਹੋਇਆ। ਉਸ ਨੇ ਐਸ.ਐਸ.ਪੀ. ਨੂੰ ਕਿਹਾ ਕਿ ਕੀ ਪਤਾ ਤੁਹਾਡੇ ਅਫਸਰਾਂ ਨੇ ਇਹ ਪਰਚੀ ਖੁਦ ਹੀ ਲਿਖ ਕੇ ਪਾਈ ਹੋਵੇ। ਐਸ.ਐਸ.ਪੀ. ਨੇ ਬਥੇਰਾ ਕਿਹਾ ਕਿ ਸਰ ਮੈਂ ਆਪਣੇ 'ਕੱਲੇ 'ਕੱਲੇ ਅਫਸਰ ਨੂੰ ਜਾਣਦਾ ਹਾਂ, ਇਹ ਦੋਵੇਂ ਇਹੋ ਜਿਹੇ ਨਹੀਂ ਹਨ।

ਪਰ ਸ਼ੱਕੀ ਡੀ.ਆਈ.ਜੀ. 'ਤੇ ਆਪਣੀ ਗੱਲ 'ਤੇ ਅਟੱਲ ਰਿਹਾ। ਉਹ ਦੋਵਾਂ ਪਾਂਡੀਆਂ ਨੂੰ ਇੱਕ ਐਸ.ਟੀ.ਡੀ. ਬੂਥ 'ਤੇ ਲੈ ਗਿਆ ਤੇ ਸਪੀਕਰ ਫੋਨ ਲਗਾ ਕੇ ਉਨ੍ਹਾਂ ਦੀ ਸੋਨਾ ਭੇਜਣ ਵਾਲੇ ਪਾਕਿਸਤਾਨੀ ਸਮੱਗਲਰ ਨਾਲ ਗੱਲ ਕਰਵਾਈ। ਜਦੋਂ ਉਸ ਨੇ ਕਿਹਾ ਕਿ ਬਿਸਕੁਟ 141 ਹੀ ਸਨ ਤਾਂ ਜਾ ਕੇ ਕਿਤੇ ਡੀ.ਐਸ.ਪੀ. ਤੇ ਐਸ.ਐਚ.ਉ. ਦੀ ਖਲਾਸੀ ਹੋਈ, ਇਨਾਮ ਤਾਂ ਕਿਹੜਾ ਮਿਲਣਾ ਸੀ।

# ਮਹਿੰਗੇ ਪਿਆਜ਼ਾਂ ਨੇ ਲੋਕਾਂ ਦੇ ਕਢਵਾਏ ਹੰਝੂ



ਤਿਉਹਾਰਾਂ ਦੀ ਆਮਦ ਸ਼ੁਰੂ ਹੋ ਚੁੱਕੀ ਹੈ । ਕੁੱਝ ਦਿਨਾਂ ਬਾਅਦ ਦਿਵਾਲੀ ਦਾ ਤਿਉਹਾਰ ਹੈ। ਅੱਜ ਮਹਿੰਗਾਈ ਨੇ ਲੋਕ ਸਿਆਣੇ ਕਰ ਦਿੱਤੇ ਹਨ।ਮਹਿੰਗਾਈ ਬੇਲਗਾਮ ਹੁੰਦੀ ਜਾ ਰਹੀ ਹੈ। ਲੋਕਾਂ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ। ਦੋ ਸਮੇਂ ਦੀ ਰੋਟੀ ਦਾ ਹੀਲਾ-ਵਸੀਲਾ ਕਰਨਾ ਮੁਸ਼ਕਿਲ ਹੋ ਚੁੱਕਿਆ ਹੈ । ਕਰੋਨਾ ਮਹਾਮਾਰੀ ਨੇ ਦੇਸ਼ ਦੇ ਅਰਥਚਾਰੇ ਨੂੰ ਡੂੰਘੀ ਸੱਟ ਮਾਰੀ ਸੀ। ਚੰਗੀ ਤਰ੍ਹਾਂ ਗੱਡੀ ਅਜੇ ਮੁੱੜ ਲੀਹ ਤੇ ਨਹੀਂ ਆਈ ਹੈ। ਮਾਰਕੀਟ ਵਿੱਚ ਹਰ ਚੀਜ਼ ਅੱਗ ਦੇ ਭਾਅ ਵਿੱਕ ਰਹੀ ਹੈ।ਹਰੀ ਸਬਜ਼ੀਆਂ ਤੇ ਤਾਂ ਹੱਥ ਤੱਕ ਨਹੀਂ ਟਿਕਦਾ। ਸਤੰਬਰ ਮਹੀਨੇ ਟਮਾਟਰ 400 ਰੁਪਏ ਕਿੱਲੋ ਤੱਕ ਵਿਕਿਆ। ਅੱਜ ਵੀ ਟਮਾਟਰ 40 ਰੁਪਏ ਕਿਲੋ ਵਿਕ ਰਿਹਾ ਹੈ। ਅਦਰਕ 150 ਤੋਂ 200 ਵਿਚਕਾਰ ਵਿੱਕ ਰਿਹਾ ਹੈ। ਹਰੇ ਮਟਰਾਂ ਦੀ ਕੀਮਤਾਂ ਵੀ ਅਸਮਾਨੀਂ ਛੂਹ ਰਹੀਆਂ ਹਨ।ਸ਼ਿਮਲਾ ਮਿਰਚਾਂ ,ਗੋਭੀ ,ਬੈਂਗਣ,ਆਲੂ , ਪਿਆਜ਼ ਤਕਰੀਬਨ ਸਾਰੀਆਂ ਸਬਜ਼ੀਆਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਹੁਣ ਪਿਆਜ਼ ਹੰਝੂ ਕਢਵਾ ਰਿਹਾ ਹੈ।120ਰੁਪਏ ਕਿੱਲੋ ਪਿਆਜ਼ ਦੀ ਅੱਜ ਕੀਮਤ ਹੈ। ਕੋਈ ਵੀ ਸਬਜ਼ੀ ਬਣਾਉਣ ਵੇਲੇ ਪਿਆਜ਼ ਦੀ ਜਰੂਰਤ ਹੁੰਦੀ ਹੈ। ਬਿਨਾਂ ਪਿਆਜਾਂ ਤੋਂ ਸਬਜੀ ਦਾ ਜ਼ਾਇਕਾ ਨਹੀਂ ਬਣਦਾ।ਦਿਨੋਂ ਦਿਨੀਂ ਰੇਟ ਵੱਧ ਰਹੇ ਹਨ। ਇੱਕ ਤਰਾਂ ਨਾਲ ਘਰੇਲੂ ਰਸੋਈ ਦਾ ਬਜਟ ਹਿਲ ਚੁੱਕਾ ਹੈ। ਇਹ ਤਾਂ ਹੁਣ ਘਰ ਦੇ ਮੁੱਖੀ ਨੂੰ ਹੀ ਪਤਾ ਹੋਣਾ ਕਿਸ ਤਰਾਂ ਉਹ ਇੰਨੀ ਮਹਿੰਗਾਈ ਵਿਚ ਆਪਣੇ ਘਰ ਦਾ ਗੁਜ਼ਾਰਾ ਕਰਦਾ ਹੋਣਾ। ਲੋਕਾਂ ਵਿੱਚ ਤਿਉਹਾਰਾਂ ਦਾ ਉਤਸ਼ਾਹ ਘਟਦਾ ਜਾ ਰਿਹਾ ਹੈ। ਹੁਣ ਬਾਜ਼ਾਰਾਂ ਵਿੱਚ ਪਹਿਲੇ ਵਾਲੀ ਰੌਣਕ ਵੀ ਨਹੀਂ ਰਹੀ ਹੈ । ਜਿਸ ਤਰਾਂ ਕਿਸੇ ਵੇਲੇ ਲੋਕ ਬਹੁਤ ਸਮਾਂ ਪਹਿਲਾਂ ਤਿਉਹਾਰਾਂ ਦੀਆਂ ਆਮਦ ਤੋਂ ਪਹਿਲਾਂ ਹੀ ਖ਼ਰੀਦਦਾਰੀ ਕਰਨਾ ਸ਼ੁਰੂ ਕਰ ਦਿੰਦੇ ਸੀ। ਅੱਜ ਉਹ ਸਮਾਂ ਹੈ ਜਿਸ ਦਿਨ ਤਿਉਹਾਰ ਹੁੰਦਾ ਹੈ ,ਉਸੇ ਦਿਨ ਹੀ ਲੋਕ ਬਾਜ਼ਾਰ ਤੋਂ ਸਮਾਨ ਖਰੀਦਦੇ ਹਨ।ਜੇਕਰ ਫਲਾਂ ਦੀ ਗੱਲ ਕਰੀਏ ਤਾਂ ਸੇਬ 250 ਰੁਪਏ ਕਿਲੋ ਹੈ। ਕੇਲਾ 100ਰੁਪਏ ਦਰਜਨ ਦੇ ਕਰੀਬ ਹੈ ।ਹੜ੍ਹਾਂ ਕਰਕੇ ਪਹਾੜੀ ਰਸਤੇ ਬੰਦ ਸਨ। ਜੋ ਸੇਬ ਹੈ, ਉਹ ਪਹਾੜੀ ਖੇਤਰਾਂ ਤੋਂ ਆਉਂਦਾ ਹੈ। ਰਸਤੇ ਬੰਦ ਹੋਣ ਕਾਰਨ ਫਲਾਂ ਦੇ ਰੇਟਾਂ ਨੂੰ ਵੀ ਅੱਗ ਲੱਗੀ ਹੋਈ ਹੈ। ਖਾਣ ਪੀਣ ਨੂੰ ਤਾਂ ਸਾਰਿਆ ਦਾ ਹੀ ਦਿਲ ਕਰਦਾ ਹੈ। ਚਾਵਲ ,ਆਟਾ ਤੇ ਕਰਿਆਨਾ ਸਾਰਾ ਕੁੱਝ ਮਹਿੰਗਾ ਹੋ ਚੁੱਕਿਆ ਹੈ। ਕਿਹੋ ਜਿਹਾ ਸਮਾਂ ਆ ਗਿਆ ਕਿ ਬੰਦਾ ਇੰਨੀ ਮਹਿੰਗਾਈ ਵਿੱਚ ਦਿਲ ਖੋਲ ਕੇ ਖ਼ਰਚ ਵੀ ਨਹੀਂ ਕਰ ਸਕਦਾ। ਘਰ ਵਿਚ ਵਰਤੋਂ ਵਾਲੀ ਹਰ ਚੀਜ਼ ਮਹਿੰਗੀ ਹੋ ਚੁੱਕੀ ਹੈ ।ਕਿਸੇ ਚੀਜ਼ ਬਿਨਾਂ ਸਰਦਾ ਨਹੀ ਹੈ।ਇਸੇ ਤਰ੍ਹਾਂ ਦਾਲਾਂ ਦੀਆਂ ਕੀਮਤਾਂ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਸਰੋਂ ਦੇ ਤੇਲ, ਰਿਫਾਇੰਡ ਦੀਆਂ ਕੀਮਤਾਂ ਵੀ ਵੱਧ ਹਨ। ਜੋ ਘਰੇਲੂ ਰਸੋਈ ਵਿੱਚ ਗੈਸ ਵਰਤੋਂ ਕੀਤੀ ਜਾਂਦੀ ਹੈ ਉਸ ਦੀ ਕੀਮਤ ਵੀ 1000 ਦੇ ਉੱਪਰ ਹੈ। ਅਕਸਰ ਜਦੋਂ ਬਰਸਾਤ ਦਾ ਮੌਸਮ ਹੁੰਦਾ ਹੈ ਤਾਂ ਮਹਿੰਗਾਈ ਬੇਲਗਾਮ ਹੋ ਜਾਂਦੀ ਹੈ। ਪਹਾੜੀ ਖੇਤਰਾਂ ਵਿੱਚ ਜਿਆਦਾ ਬਾਰਸ਼ ਹੋਣ ਕਾਰਨ ਸਪਲਾਈ ਵਿੱਚ ਵਿਘਨ ਪੈ ਜਾਂਦਾ ਹੈ। ਚਾਰ ਕੁ ਮਹੀਨੇ ਪਹਿਲਾਂ ਕਿਸਾਨਾਂ ਨੇ ਸ਼ਿਮਲਾ ਮਿਰਚਾਂ ਨੂੰ ਸੜਕ ਤੇ ਸੁੱਟਿਆ ਸੀ। ਕਿਉਂਕਿ ਉਹਨਾਂ ਨੂੰ ਸ਼ਿਮਲਾ ਮਿਰਚਾਂ ਦਾ ਵਾਜਿਬ ਮੁੱਲ ਨਹੀਂ ਮਿਲ ਰਿਹਾ ਸੀ। ਅੱਜ ਤੁਸੀਂ ਦੇਖ ਸਕਦੇ ਹੋ ਕਿ ਹਰੀ ਸਬਜ਼ੀਆਂ ਨੂੰ ਅੱਗ ਲੱਗੀ ਹੋਈ ਹੈ। ਹਰਾ ਸਾਗ ਵੀ ਮਹਿੰਗਾ ਹੈ।ਹਾਲਾਂਕਿ ਕੇਂਦਰ ਸਰਕਾਰ ਤਾਂ ਹਰ ਵਾਰ ਦਾਅਵਾ ਕਰਦੀ ਹੈ ਕਿ ਮਹਿੰਗਾਈ ਕੰਟ੍ਰੋਲ ਵਿੱਚ ਹੈ। ਵਿਚਾਰਨ ਵਾਲੀ ਗੱਲ ਹੈ ਕਿ ਜਿਸ ਪਰਿਵਾਰ ਵਿਚ ਕਮਾਉਣ ਵਾਲਾ ਇੱਕ ਬੰਦਾ ਤੇ ਖਾਣ ਵਾਲੇ ਪੰਜ ਹੋਣ ਤਾਂ ਉਹ ਕਿਸ ਤਰ੍ਹਾਂ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਹੋਣਗੇ। ਬੱਚਿਆਂ ਦੀ ਸਕੂਲ ਫ਼ੀਸ ਵੀ ਭਰਨੀ ਹੁੰਦੀ ਹੈ। ਰੱਬ ਨਾ ਕਰੇ ਜੇ ਕੋਈ ਬਿਮਾਰੀ ਆ ਜਾਵੇ ਤਾਂ ਇਲਾਜ ਵੀ ਕਰਵਾਉਣਾ ਹੈ। ਟੈਸਟ ਵੀ ਬਹੁਤ ਮਹਿੰਗੇ ਹਨ। ਡਾਕਟਰਾਂ ਦੀ ਫੀਸ ਬਹੁਤ ਜ਼ਿਆਦਾ ਹੈ। ਪ੍ਰਾਈਵੇਟ ਹਸਪਤਾਲ ਮਰੀਜ਼ ਦੀ ਚੰਗੀ ਤਰ੍ਹਾਂ ਲੁੱਟ-ਖਸੁੱਟ ਕਰਦੇ ਹਨ। ਘਰ ਬਣਾਉਣ ਲਈ ਬਜਰੀ, ਰੇਤਾ ,ਸੀਮਿੰਟ , ਇੱਟਾਂ ਦੀਆਂ ਕੀਮਤਾਂ ਵੀ ਅਸਮਾਨੀਂ ਹਨ। ਦੇਖਿਆ ਜਾਂਦਾ ਹੈ ਕਿ ਲੋਕ ਜਿਸ ਚੀਜ਼ ਦੀ ਜ਼ਰੂਰਤ ਹੈ, ਉਹੀ ਚੀਜ਼ ਖਰੀਦਦੇ ਹਨ। ਕਰੋਨਾ ਤੋਂ ਬਾਅਦ ਲੋਕਾਂ ਦਾ ਬਜਟ ਹਿੱਲ ਚੁੱਕਾ ਹੈ। ਹੱਥ ਖੁੱਲਾ ਕਰਕੇ ਲੋਕ ਖਰਚਾ ਨਹੀਂ ਕਰ ਰਹੇ ਹਨ। ਪ੍ਰਾਈਵੇਟ ਕੰਪਨੀਆਂ ਤਾਂ ਆਪਣੀ ਮਨਮਰਜ਼ੀ ਨਾਲ ਤਨਖਾਹਾਂ ਦਿੰਦੀਆਂ ਹਨ। ਯੋਗਤਾ ਦੇ ਮੁਤਾਬਕ ਅੱਜਕੱਲ੍ਹ ਨੌਜਵਾਨਾਂ ਨੂੰ ਰੁਜ਼ਗਾਰ ਵੀ ਨਹੀਂ ਮਿਲ ਰਿਹਾ ਹੈ। ਮਜ਼ਬੂਰੀ ਵਸ ਉਹ ਥੋੜ੍ਹੇ ਪੈਸਿਆਂ ਤੇ ਹੀ ਰੁਜ਼ਗਾਰ ਕਰਨ ਲਈ ਤਿਆਰ ਹਨ।ਖੁੱਲਾ ਖ਼ਰਚਾ ਕਰਨ ਤੋਂ ਪਹਿਲਾਂ ਬੰਦਾ ਸੌ ਵਾਰ ਸੋਚਦਾ ਹੈ। ਰੋਟੀ, ਕੱਪੜਾ ਅਤੇ ਮਕਾਨ ਲੋਕਾਂ ਦੀਆਂ ਬੁਨਿਆਦੀ ਲੋੜਾਂ ਹਨ। ਜੋ ਜ਼ਰੂਰਤਮੰਦ ਚੀਜ਼ਾਂ ਹਨ, ਉਨ੍ਹਾਂ ਨੂੰ ਸਸਤੀ ਕਰਨਾ ਚਾਹੀਦਾ ਹੈ।ਸਰਕਾਰ ਨੂੰ ਮਹਿੰਗਾਈ ਨੂੰ ਰੋਕਣ ਲਈ ਠੋਸ ਨੀਤੀ ਘੜਨੀ ਚਾਹੀਦੀ ਹੈ। ਚੰਗੀਆਂ ਨੀਤੀਆਂ ਲਿਆ ਕੇ ਮਹਿੰਗਾਈ ਤੇ ਕੰਟਰੋਲ ਕੀਤਾ ਜਾ ਸਕਦਾ ਹੈ। ਸੂਬਾ ਸਰਕਾਰਾਂ ਨੂੰ ਵੀ ਕੇਂਦਰ ਸਰਕਾਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਨਾ ਚਾਹੀਦਾ ਹੈ, ਤਾਂ ਜੋ ਆਮ ਲੋਕਾਂ ਨੂੰ ਮਹਿੰਗਾਈ ਤੋਂ ਕੁਝ ਨਿਜਾਤ ਮਿਲ ਸਕੇ। ਜੋ ਬੁਨਿਆਦੀ ਲੋੜਾਂ ਹਨ, ਉਹ ਹਰ ਇਨਸਾਨ ਦੀਆਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਸਰਕਾਰ ਦੀ ਇਹ ਬਹੁਤ ਵੱਡੀ ਨੈਤਿਕ ਜਿੰਮੇਵਾਰੀ ਬਣਦੀ ਹੈ।



ਸੰਜੀਵ ਸਿੰਘ ਸੈਣੀ
7888966168

# ਦੋਹਰੇ ਮਾਪ-ਦੰਢ

ਗੁਰੂ ਘਰ ਚ' ਸ੍ਰੀ ਆਖੰਡ ਪਾਠ ਲੜੀਵਾਰ ਚੱਲ ਰਹੇ ਨੇ , ਵੀਰ ਜੀ ਜੇ ਤੁਸੀਂ ਸ੍ਰੀ ਆਖੰਡ ਪਾਠ ਬੁੱਕ ਕਰਵਾਉਣਾ ਤਾਂ ਦੱਸ ਦੇਣਾ , ਤੇਰਾਂ ਹਜ਼ਾਰ ਰੁਪਏ ਭੇਟਾ ਹੈ ਮੈਨੂੰ ਗ੍ਰੰਥੀ ਸਿੰਘ ਸੁਰਜੀਤ ਸਿੰਘ ਨੇ ਪੁੱਛਿਆ ।ਲੈ ਕਰਮ ਸਿਆਂ ਹੁਣ ਤਾਂ ਪਾਠੀਆਂ ਨੂੰ ਵੀ ਚੰਗੀ ਕਮਾਈ ਹੋਣ ਲੱਗ ਪਈ ਨਾਲੇ ਸੇਵਾ -ਪਾਣੀ ਵਾਧੂ , ਹਾਂ ਸੱਚ ਤੇਰਾ ਮੁੰਡਾ ਵੀ ਹੁਣ ਤਾਂ ਗ੍ਰੰਥੀ ਸਿੰਘ ਬਣ ਗਿਆ ਹੋਣਾ ? ਮੇਰੀ ਗੱਲ ਸੁਣ ਉਸਦੀਆਂ ਅੱਖਾਂ ਚੋਂ ਪਰਲ-ਪਰਲ ਹੰਝੂ ਵਹਿ ਤੁਰੇ , ਜਿਸ ਨੂੰ ਕੱਲ ਹੀ ਗੁਰੂਦੁਆਰੇ ਦੇ ਪ੍ਰਧਾਨ ਸਾਬ ਨੇ ਗੁਰੂ ਦੀ ਗੋਲਕ ਵਿੱਚੋਂ ਗਿਣਤੀ ਕਰਕੇ ਦਸ-ਦਸ ਦੇ ਨੋਟਾਂ ਦੀ ਨੌਂ ਹਜ਼ਾਰ ਰੁਪਏ ਮਹੀਨੇ ਦੇ ਹਿਸਾਬ ਨਾਲ ਤਨਖ਼ਾਹ ਦਿੱਤੀ ਸੀ ਅਤੇ ਆਪਣੇ ਲਈ ਨਵੀਂ ਫਾਰਚੂਨਰ ਲਿਆਂਦੀ ਤਾਂ ਕਿ ਉਹ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਸਿੱਖੀ ਨਾਲ ਜੋੜਨ ਹਿੱਤ ਪ੍ਰਚਾਰ ਕਰ ਸਕਣ ਕਿ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜੋ, ਉਹਨਾਂ ਨੂੰ ਪਾਠੀ ਸਿੰਘ ਬਣਾਓ,ਪਾਠੀ ਸਿੰਘ ਮਿਲ ਨਹੀਂ ਰਹੇ , ਪਾਠੀ ਸਿੰਘਾਂ ਦੀ ਬਹੁਤ ਲੋੜ ਹੈ ।

ਪਰਮਜੀਤ ਕੌਰ 8360815955

# ਸ਼ੋਰ (ਮਿੰਨੀ ਕਹਾਣੀ)

ਰਾਮਰੱਖੇ ਦਾ ਇਕਲੌਤਾ ਪੁੱਤਰ ਤੇ ਨੂੰਹ ਵਿਦੇਸ਼ ਵਿੱਚ ਰਹਿੰਦੇ ਸਨ ਤੇ ਉਹ ਆਪਣੇ ਘਰ ਵਿੱਚ ਇਕੱਲਾ ਹੀ ਰਹਿੰਦਾ ਸੀ। ਬੁਢਾਪੇ ਕਾਰਨ ਰਾਮਰੱਖੇ ਨੂੰ ਕਈ ਬੀਮਾਰੀਆਂ ਨੇ ਘੇਰਾ ਪਾਇਆ ਹੋਇਆ ਸੀ। ਉਹ ਰਾਤ ਨੂੰ ਦਵਾਈ ਲੈ ਕੇ ਸੌਂ ਜਾਂਦਾ ਸੀ ਤਾਂ ਸਵੇਰ ਨੂੰ ਸਰੀਰ ਹਲਕਾ ਹਲਕਾ ਮਹਿਸੂਸ ਹੁੰਦਾ ਸੀ। ਫਿਰ ਧਰਮ ਕਰਮ ਦੇ ਕੰਮਾਂ ਵਿੱਚ ਉਸ ਦਾ ਸਾਰਾ ਦਿਨ ਲੰਘ ਜਾਂਦਾ ਸੀ। ਉਸ ਨੂੰ ਕੁਦਰਤ ਨਾਲ ਬਹੁਤ ਪਿਆਰ ਸੀ।ਘਰ ਵਿੱਚ ਛੋਟੀ ਜਿਹੀ ਬਗੀਚੀ ਦੀ ਦੇਖਭਾਲ ਕਰਦਾ ਤਾਂ ਨਵੇਂ ਖਿੜਦੇ ਫੁੱਲਾਂ ਨੂੰ ਤੱਕ ਕੇ ਉਸ ਦੀ ਰੂਹ ਖਿੜੀ ਖਿੜੀ ਰਹਿੰਦੀ।ਉਹ ਸਵੇਰੇ ਸਵੇਰੇ ਪੰਛੀਆਂ ਨੂੰ ਚੋਗਾ ਪਾਉਂਦਾ ਤਾਂ ਤੜਕੇ ਤੜਕੇ ਚਿੜੀਆਂ ਦੀ ਚੀਂ ਚੀਂ ਉਸ ਨੂੰ ਮਧੁਰ ਸੰਗੀਤ ਵਰਗੀ ਲੱਗਦੀ,ਜਦ ਅਵਾਰਾ ਕੁੱਤਿਆਂ ਨੂੰ ਰੋਟੀ ਪਾਉਂਦਾ ਤਾਂ ਉਹ ਉਸ ਨੂੰ ਸਬਰ ਸੰਤੋਖ ਦੀਆਂ ਮੂਰਤੀਆਂ ਜਾਪਦੇ।ਇਸ ਤਰ੍ਹਾਂ ਕਰਨ ਨਾਲ ਉਸ ਦੇ ਮਨ ਨੂੰ ਸੰਤੁਸ਼ਟੀ ਮਿਲਦੀ ਤੇ ਉਸ ਦੇ ਅੱਧੇ ਰੋਗ ਦੂਰ ਹੋ ਜਾਂਦੇ। ਅੱਜ ਦੀਵਾਲੀ ਹੋਣ ਕਰਕੇ ਸ਼ਾਮ ਹੁੰਦੇ ਹੀ ਪਟਾਕਿਆਂ ਦੀ ਅਵਾਜ਼ ਆਉਣੀ ਸ਼ੁਰੂ ਹੋ ਗਈ ਸੀ।ਉਸ ਨੂੰ ਪਤਾ ਸੀ ਕਿ ਸਰਕਾਰੀ ਹੁਕਮਾਂ ਅਨੁਸਾਰ ਲੋਕਾਂ ਨੂੰ ਦਸ ਵਜੇ ਤੱਕ ਪਟਾਖੇ ਚਲਾਉਣ ਲਈ ਇਜਾਜ਼ਤ ਦਿੱਤੀ ਗਈ ਸੀ ਇਸ ਕਰਕੇ ਉਸ ਨੇ ਅੱਜ ਰਾਤ ਨੂੰ ਦਸ ਵਜੇ ਤੋਂ ਬਾਅਦ ਸੌਣ ਲਈ ਸੋਚਿਆ ਸੀ। ਪਰ ਸਾਡੇ ਦੇਸ਼ ਵਿੱਚ ਤਾਂ ਸਰਕਾਰੀ ਆਦੇਸ਼ਾਂ ਦੀ ਉਲੰਘਣਾ ਕਰਕੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਰਾਮਰੱਖੇ ਦੇ ਗੁਆਂਢੀ ਆਪਣੇ ਬੱਚਿਆਂ ਅਤੇ ਉਹਨਾਂ ਦੇ ਦੋਸਤਾਂ ਨੂੰ ਇਕੱਠੇ ਕਰਕੇ ਰਾਤ ਗਿਆਰਾਂ ਕੁ ਵਜੇ ਉੱਚੀ ਉੱਚੀ ਗੀਤ ਚਲਾ ਕੇ ਵੱਡੇ ਵੱਡੇ ਪਟਾਕੇ ਚਲਾਉਣ ਲੱਗੇ ਤੇ ਹੁੱਲੜਬਾਜ਼ੀ ਕਰਦੇ ਰਹੇ। ਉਹਨਾਂ ਦਾ ਇਹ ਜਸ਼ਨ ਲਗਭਗ ਰਾਤ ਨੂੰ ਦੋ ਢਾਈ ਵਜੇ ਤੱਕ ਚਲਦਾ ਰਿਹਾ। ਸ਼ੋਰ ਸ਼ਰਾਬੇ ਕਾਰਨ ਰਾਮਰੱਖੇ ਨੇ ਸਾਰੀ ਰਾਤ ਬੇਅਰਾਮੀ ਵਿੱਚ ਹੀ ਕੱਟੀ। ਸਵੇਰੇ ਉੱਠ ਕੇ ਵੀ ਉਸ ਨੇ ਆਪਣੇ ਕੰਮ ਬੇਅਰਾਮੀ ਜਿਹੀ ਵਿੱਚ ਹੀ ਕੀਤੇ। ਵਾਰ ਵਾਰ ਉਸ ਨੂੰ ਖੰਘ ਛਿੜ ਰਹੀ ਸੀ। ਸਵੇਰੇ ਦਸ ਕੁ ਵਜੇ ਅਚਾਨਕ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਆਈ ਤਾਂ ਗੁਆਂਢੀਆਂ ਦਾ ਮੁੰਡਾ ਉੱਪਰੋਂ ਬਾਲਕੋਨੀ ਵਿੱਚੋਂ ਹੀ ਕੁੱਤਿਆਂ ਨੂੰ ਦਬਕਾ ਦੇ ਕੇ ਭਜਾਉਂਦਾ ਹੋਇਆ ਬੋਲਿਆ,÷ ਸਵੇਰੇ ਸਵੇਰੇ...ਇਹਨਾਂ ਲੋਕਾਂ ਨੇ ਸਾਡਾ ਸੌਣਾ ਹਰਾਮ ਕੀਤਾ ਹੋਇਆ ਹੈ.... ਕਦੇ ਬੁੱਢਾ ਖੰਘਣ ਲੱਗਦਾ ਹੈ ਤੇ ਕਦੇ ਕੁੱਤੇ ਭੌਂਕਣ ਲੱਗਦੇ ਹਨ..... ਇਹਨਾਂ ਲੋਕਾਂ ਨੇ ਸ਼ੋਰ ਮਚਾ ਰੱਖਿਆ ਹੈ....!÷ ਕਹਿ ਕੇ ਨੀਂਦ ਨਾਲ ਭਰੀਆਂ ਅੱਖਾਂ ਮਲ਼ਦਾ ਹੋਇਆ ਆਪਣੇ ਬੈੱਡਰੂਮ ਵਿੱਚ ਚਲਾ ਗਿਆ।

ਬਰਜਿੰਦਰ ਕੌਰ ਬਿਸਰਾਓ... 9988901324

# ਸਿਹਤ, ਸਵਾਦ ਤੇ ਰੁਜ਼ਗਾਰ ਦਾ ਭੰਡਾਰ : ਨਾਰੀਅਲ



## (2 ਦਿਸੰਬਰ ਨੂੰ ਵਿਸ਼ਵ ਨਾਰੀਅਲ ਦਿਵਸ 'ਤੇ ਵਿਸ਼ੇਸ਼ )

ਪਿਆਰੇ ਬੱਚਿਓ ! ਤੁਸੀਂ ਆਪਣੇ ਆਲੇ - ਦੁਆਲੇ ਅਨੇਕਾਂ ਦਰੱਖ਼ਤ ਦੇਖੇ ਹੋਣਗੇ। ਇਹ ਦਰੱਖਤ ਸਾਡੀ ਧਰਤੀ , ਸਾਡੇ ਵਾਤਾਵਰਨ ਅਤੇ ਸਾਡੇ ਲਈ ਬਹੁਤ ਜ਼ਰੂਰੀ ਅਤੇ ਉਪਯੋਗੀ ਹੁੰਦੇ ਹਨ। ਇਹ ਦਰੱਖਤ ਕੁਦਰਤੀ ਸੰਤੁਲਨ ਬਣਾਈ ਰੱਖਣ ਲਈ ਵੀ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਬੱਚਿਓ ! ਅੱਜ ਅਸੀਂ ਤੁਹਾਨੂੰ ਨਾਰੀਅਲ ਦੇ ਦਰੱਖ਼ਤ ਬਾਰੇ ਕੁਝ ਜਾਣਕਾਰੀ ਦੇਵਾਂਗੇ। ਬੱਚਿਓ ! ਨਾਰੀਅਲ ਅਤੇ ਇਸ ਦੇ ਦਰੱਖ਼ਤ ਨੂੰ ਬਹੁਤ ਪਵਿੱਤਰ ਅਤੇ ਸ਼ੁਭ ਮੰਨਿਆ ਜਾਂਦਾ ਹੈ। ਨਾਰੀਅਲ ਦਾ ਦਰੱਖ਼ਤ ਲਗਭਗ 60 ਫੁੱਟ ਜਾਂ ਇਸ ਤੋਂ ਵੱਧ ਉੱਚਾ ਹੁੰਦਾ ਹੈ। ਇਹ ਦਰੱਖ਼ਤ ਮੁੱਖ ਤੌਰ 'ਤੇ ਦੀਪਾਂ , ਤੱਟ ਦੇ ਮੈਦਾਨਾਂ ਅਤੇ ਸਮੁੰਦਰ ਦੇ ਕਿਨਾਰੇ ਵਾਲੇ ਖੇਤਰਾਂ ਦੇ ਨਜ਼ਦੀਕ ਹੁੰਦਾ ਹੈ। ਇਸ ਦਾ ਤਣਾ ਗੋਲਾਕਾਰ , ਠੋਸ , ਲਚੀਲਾ ਤੇ ਸਖ਼ਤ ਹੁੰਦਾ ਹੈ। ਨਾਰੀਅਲ ਦੇ ਦਰੱਖਤ ਦੀਆਂ ਟਾਹਣੀਆਂ ਨਹੀਂ ਹੁੰਦੀਆਂ। ਨਾਰੀਅਲ ਦਾ ਦਰੱਖ਼ਤ ਮੁੱਖ ਤੌਰ 'ਤੇ ਭਾਰਤ ਦੇ ਕੇਰਲਾ , ਗੁਜਰਾਤ , ਆਂਧਰਾ ਪ੍ਰਦੇਸ਼ , ਉੜੀਸਾ , ਗੋਆ , ਮਹਾਰਾਸ਼ਟਰ , ਪੱਛਮੀ ਬੰਗਾਲ , ਤਾਮਿਲਨਾਡੂ ਆਦਿ ਸਮੁੰਦਰ ਕਿਨਾਰੇ ਵਸੇ ਰਾਜਾਂ ਤੋਂ ਇਲਾਵਾ ਮਿਆਂਮਾਰ , ਸ੍ਰੀ ਲੰਕਾ , ਮਲਾਇਆ ਆਦਿ ਦੇਸ਼ਾਂ ਵਿੱਚ ਵਧੇਰੇ ਹੁੰਦਾ ਹੈ। ਇਸ ਦਰੱਖਤ ਦੀਆਂ ਪੱਤੀਆਂ ਤੋਂ ਝਾੜੂ ਵੀ ਬਣਾਏ ਜਾਂਦੇ ਹਨ। ਪੁਰਾਣਾਂ ਦੇ ਅਨੁਸਾਰ ਨਾਰੀਅਲ ਰਿਸ਼ੀ ਵਿਸ਼ਵਾਮਿੱਤਰ ਦੀ ਸ੍ਰਿਸ਼ਟੀ ਦਾ ਫਲ ਹੈ। ਬੱਚਿਓ ! ਨਾਰੀਅਲ ਦੇ ਫਲ ਨੂੰ ਸ਼੍ਰੀਫਲ ਵੀ ਕਿਹਾ ਜਾਂਦਾ ਹੈ। ਨਾਰੀਅਲ ਦੇ ਪਾਣੀ ਵਿੱਚ ਕਈ ਤਰ੍ਹਾਂ ਦੇ ਪੌਸ਼ਕ ਤੱਤ ਹੁੰਦੇ ਹਨ। ਸਾਡੇ ਦੇਸ਼ ਵਿੱਚ ਧਾਰਮਿਕ ਉਤਸਵ ਮੌਕੇ ਨਾਰੀਅਲ ਦਾ ਫਲ ਪੂਜਾ - ਕਲਸ਼ @ਤੇ ਰੱਖਣ ਅਤੇ ਸ਼੍ਰੀਫਲ਼ ਦੇਣ ਦੀ ਪਰੰਪਰਾ ਹੈ। ਅਨੇਕਾਂ ਸਾਹਿਤਕਾਰਾਂ ਨੇ ਆਪਣੇ ਸਾਹਿਤ ਵਿੱਚ ਨਾਰੀਅਲ ਦਾ ਜ਼ਿਕਰ ਕੀਤਾ ਹੈ। ਬੱਚਿਓ ! ਨਾਰੀਅਲ ਕੇਰਲ ਪ੍ਰਾਂਤ ਦਾ ਰਾਜ ਰੁੱਖ ਹੈ। ਪੰਜਾਬੀ ਵਿੱਚ ਨਾਰੀਅਲ ਨੂੰ ÷ ਖੋਪਾ ÷ ਕਿਹਾ ਜਾਂਦਾ ਹੈ। ਇਸ ਦਾ ਰੁੱਖ ਖਜੂਰ ਤੇ ਤਾੜ ਦੇ ਰੁੱਖ ਵਾਂਗ ਬਹੁਤ ਉੱਚਾ ਤੇ ਸਿੱਧਾ ਹੁੰਦਾ ਹੈ ; ਪਰ ਕਈ ਥਾਵਾਂ ਤੇ ਇਹ ਮਧਰੇ ਕੱਦ ਦਾ ਵੀ ਹੁੰਦਾ ਹੈ। ਨਾਰੀਅਲ ਦੇ ਫਲ ਹਰੇ ਅਤੇ ਮਟਮੈਲੇ ਦੋਵਾਂ ਰੰਗਾਂ ਦੇ ਮਿਲਦੇ ਹਨ। ਭਾਰਤ ਦੇ ਕਈ ਰਾਜਾਂ ਵਿੱਚ ਨਾਰੀਅਲ ਦੀ ਖੇਤੀ ਵੀ ਕੀਤੀ ਜਾਂਦੀ ਹੈ। ਜੋ ਕਿ ਕਿਸਾਨਾਂ ਲਈ ਬਹੁਤ ਲਾਹੇਵੰਦ ਹੈ।ਨਾਰੀਅਲ ਅਤੇ ਇਸ ਦੇ ਦਰੱਖ਼ਤਾਂ ਨੂੰ ਬਹੁਤ ਸ਼ੁਭ ਮੰਨਿਆ ਜਾਂਦਾ ਹੈ। ਇਹ ਇੱਕ ਅਜਿਹਾ ਦਰੱਖ਼ਤ ਹੈ ਜਿਸ 'ਤੇ ਇੱਕ ਹੀ ਸਮੇਂ ਉੱਤੇ ਕੱਚੇ , ਅੱਧ ਪੱਕੇ ਅਤੇ ਪੱਕੇ ਫਲ ਮਿਲ ਜਾਂਦੇ ਹਨ ਅਤੇ ਇਸ ਦਰੱਖ਼ਤ ਦੀ ਬਹੁਤ ਜਿਆਦਾ ਸੰਭਾਲ ਵੀ ਨਹੀਂ ਕਰਨੀ ਪੈਂਦੀ। ਨਾਰੀਅਲ ਦਾ ਪਾਣੀ , ਨਾਰੀਅਲ ਦੀ ਗਿਰੀ , ਗੋਲਾ , ਨਾਰੀਅਲ ਦਾ ਦੁੱਧ , ਨਾਰੀਅਲ ਦੇ ਤੇਲ ਆਦਿ ਦੀ ਵਰਤੋਂ ਸਾਡੇ ਦੇਸ਼ ਵਿੱਚ ਬਹੁਤ ਚਾਅ ਦੇ ਨਾਲ ਕੀਤੀ ਜਾਂਦੀ ਹੈ। ਨਾਰੀਅਲ ਦਾ ਪਾਣੀ ਸਿਹਤ ਲਈ ਅਤੇ ਖਾਸ ਤੌਰ 'ਤੇ ਪੇਟ ਲਈ ਬਹੁਤ ਉੱਤਮ ਤੇ ਪਾਚਨ ਸ਼ਕਤੀ ਵਧਾਉਣ ਵਾਲਾ ਹੁੰਦਾ ਹੈ। ਨਾਰੀਅਲ ਦੀ ਗਿਰੀ ਜਦੋਂ ਕੱਚੀ ਹੁੰਦੀ ਹੈ ਤਾਂ ਇਸ ਨੂੰ ਮਲਾਈ ਕਿਹਾ ਜਾਂਦਾ ਹੈ। ਇਹ ਮਲਾਈ ਬਹੁਤ ਨਰਮ ਪੌਸ਼ਟਿਕ ਅਤੇ ਸਵਾਦਲੀ ਹੁੰਦੀ ਹੈ। ਸਾਡੇ ਦੇਸ਼ ਵਿੱਚ ਖਾਸ ਤੌਰ 'ਤੇ ਗਰਮੀ ਦੇ ਮੌਸਮ ਸਮੇਂ ਲੋਕੀਂ ਨਾਰੀਅਲ ਪਾਣੀ ਅਤੇ ਇਸਦੀ ਮਲਾਈ ਬਹੁਤ ਸ਼ੌਕ ਤੇ ਚਾਅ ਦੇ ਨਾਲ ਖਾਂਦੇ ਹਨ। ਸਮੁੰਦਰ ਦੇ ਕਿਨਾਰੇ ਵਸੇ ਲੋਕਾਂ ਦੇ ਰੋਜ਼ਾਨਾ ਭੋਜਨ ਵਿੱਚ ਨਾਰੀਅਲ , ਇਸਦੀ ਗਿਰੀ , ਨਾਰੀਅਲ ਤੇਲ ਅਤੇ ਨਾਰੀਅਲ ਦੇ ਦੁੱਧ ਦੀ ਵਰਤੋਂ ਆਮ ਕੀਤੀ ਜਾਂਦੀ ਹੈ। ਨਾਰੀਅਲ ਨੂੰ ਧਾਰਮਿਕ ਥਾਵਾਂ , ਮੰਦਿਰਾਂ ਦੇ ਵਿੱਚ ਚੜਾਉਣ , ਪੂਜਾ - ਘਰਾਂ ਵਿੱਚ ਰੱਖਣ , ਪੂਜਾ - ਹਵਨ ਸਮੇਂ ਨਾਰੀਅਲ ਦੀ ਵਰਤੋਂ ਕਰਨ ਅਤੇ ਨਾਰੀਅਲ ਭੰਨਣ ਦੀ ਵਿਸ਼ੇਸ਼ ਪਰੰਪਰਾ ਵੀ ਚੱਲੀ ਆ ਰਹੀ ਹੈ। ਨਾਰੀਅਲ ਦੇ ਪੱਤਿਆਂ ਦੀ ਵਰਤੋਂ ਝੁੱਗੀਆਂ - ਝੌਪੜੀਆਂ ਬਣਾਉਣ ਦੇ ਲਈ ਕੀਤੀ ਜਾਂਦੀ ਹੈ। ਇਸ ਦੇ ਪੱਤਿਆਂ ਦੀ ਰਾਖ ਭਾਵ ਸੁਆਹ ਵੀ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਇਸ ਤੋਂ ਇਲਾਵਾ ਨਾਰੀਅਲ ਦੀ ਵਰਤੋਂ ਦੇਸੀ ਦਵਾਈਆਂ ਵਿੱਚ ਵੀ ਕੀਤੀ ਜਾਂਦੀ ਹੈ। ਨਾਰੀਅਲ ਦੇ ਰੇਸ਼ੇਦਾਰ ਭਾਗ ਦੀ ਵਰਤੋਂ ਰੱਸੇ , ਲੱਜਾਂ , ਕਈ ਤਰ੍ਹਾਂ ਦੇ ਜਾਲ , ਸੋਫੇ , ਦਰੀਆਂ , ਚਟਾਈਆਂ ਤੇ ਬੁਰਸ਼ ਆਦਿ ਬਣਾਉਣ ਲਈ ਕੀਤੀ ਜਾਂਦੀ ਹੈ ਅਤੇ ਇਸ ਰੇਸ਼ੇ ਨੂੰ ਹੋਰ ਮਜਬੂਤ ਕਰਨ ਦੇ ਲਈ ਇਸ @ਤੇ ਨਾਰੀਅਲ ਦਾ ਤੇਲ ਵੀ ਲਗਾਇਆ ਜਾਂਦਾ ਹੈ। ਨਾਰੀਅਲ ਦੀ ਗਿਰੀ ਤੇ ਇਸਦਾ ਤੇਲ ਇੱਕ ਮਿੱਠੀ ਜਿਹੀ ਸੁਗੰਧ ਨਾਲ ਭਰਪੂਰ ਹੁੰਦਾ ਹੈ। ਨਾਰੀਅਲ ਮਾਲਦੀਵ ਦਾ ਰਾਸ਼ਟਰੀ ਰੁੱਖ ਹੈ। ਬੱਚਿਓ ! ਨਾਰੀਅਲ ਦਾ ਫਲ ਇੱਕ ਅਜਿਹਾ ਫਲ ਹੈ ਜੋ ਤੇਲ ਦੇਣ ਵਾਲਾ ਹੈ। ਨਾਰੀਅਲ ਦੀ ਲੱਕੜ ਤੋਂ ਕਿਸ਼ਤੀਆਂ , ਫਰਨੀਚਰ , ਪੁੱਲ , ਧੂਨੀ ਮੁਕਤ ਕੈਬਿਨ ਆਦਿ ਬਣਾਏ ਜਾਂਦੇ ਹਨ। ਬੱਚਿਓ ! ਸਾਡੇ ਦੇਸ਼ ਵਿੱਚ ਨਾਰੀਅਲ ਹਰ ਬੱਚੇ , ਨੌਜਵਾਨ ਤੇ ਬਜ਼ੁਰਗ ਦੀ ਪਸੰਦ ਹੈ। ਨਾਰੀਅਲ ਤੋਂ ਕਈ ਤਰ੍ਹਾਂ ਦੀਆਂ ਮਨਭਾਉਂਦੀਆਂ ਮਠਿਆਈਆਂ ਬਣਾਈਆਂ ਜਾਂਦੀਆਂ ਹਨ। ਇਸ ਤੋਂ ਮੋਮਬੱਤੀਆਂ ਅਤੇ ਸਾਬਣ ਵੀ ਤਿਆਰ ਕੀਤੇ ਜਾਂਦੇ ਹਨ। ਪਿਆਰੇ ਬੱਚਿਓ ! ਭਾਵੇਂ ਕਿ ਸਾਰੇ ਰੁੱਖ ਅਤੇ ਫਲ ਸਾਡੇ ਲਈ ਵਿਸ਼ੇਸ਼ ਮਹੱਤਤਾ ਰੱਖਦੇ ਹਨ , ਪਰ ਨਾਰੀਅਲ ਨੂੰ ਸ਼੍ਰੀਫਲ , ਸਵਰਗ ਦਾ ਦਰੱਖ਼ਤ , ਹਰਾ ਸੋਨਾ , ਵਿਸ਼ੇਸ਼ ਧਾਰਮਿਕ ਮਹੱਤਤਾ ਰੱਖਣ ਵਾਲਾ , ਬਹੁਤ ਸ਼ੁੱਭ , ਪਵਿੱਤਰ , ਪੂਜਣਯੋਗ ਤੇ ਹਰਮਨ ਪਿਆਰਾ ਫਲ ਮੰਨਿਆ ਗਿਆ ਹੈ। ਜਿੱਥੇ ਨਾਰੀਅਲ ਅਤੇ ਇਸ ਦੇ ਰੁੱਖ ਦੀ ਹਰ ਪੱਖ ਤੋਂ ਇੰਨੀ ਮਹੱਤਤਾ ਹੈ , ਉੱਥੇ ਹੀ ਨਾਰੀਅਲ ਅਨੇਕਾਂ ਲੋਕਾਂ ਦੇ ਰੁਜ਼ਗਾਰ ਦਾ ਸਾਧਨ ਵੀ ਬਣਿਆ ਹੋਇਆ ਹੈ। ਸੋ ਇਸ ਪੱਖ ਤੋਂ ਇਸ ਦੀ ਮਹੱਤਤਾ ਤਾਂ ਹੋਰ ਵੀ ਵੱਧ ਜਾਂਦੀ ਹੈ। ਇਸਦੀ ਇੰਨੀ ਮਹੱਤਤਾ ਨੂੰ ਦੇਖਦੇ ਹੋਏ ਸਮੁੱਚੇ ਵਿਸ਼ਵ ਵਿੱਚ ਦੋ ਦਸੰਬਰ ਨੂੰ ਵਿਸ਼ਵ ਨਾਰੀਅਲ ਦਿਵਸ ਦੇ ਤੌਰ @ਤੇ ਮਨਾਇਆ ਜਾਂਦਾ ਹੈ। ਪਿਆਰੇ ਬੱਚਿਓ ! ਸੱਚਮੁੱਚ ਨਾਰੀਅਲ ਸਿਹਤ , ਸਵਾਦ ਅਤੇ ਰੁਜ਼ਗਾਰ ਦਾ ਭੰਡਾਰ ਹੈ। ਤੁਸੀਂ ਵੀ ਸਮੇਂ - ਸਮੇਂ @ਤੇ ਨਾਰੀਅਲ ਦੀ ਵਰਤੋਂ ਆਪਣੀ ਜ਼ਿੰਦਗੀ ਵਿੱਚ ਕਰਦੇ ਰਹਿਣਾ ਤੇ ਤੰਦਰੁਸਤ ਰਹੋ।

**ਤੁਹਾਡਾ ਆਪਣਾ**
**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
9478561356

# ਵਿਕਲਾਂਗ ਵਿਅਕਤੀ ਸਮਾਜ ਦਾ ਅਨਿੱਖਰਵਾਂ ਅੰਗ



**ਗੁਰਿੰਦਰ ਕਲੇਰ**
ਪਿੰਡ/ਡਾਕ-ਕਲੇਰ ਕਲਾਂ (ਗੁਰਦਾਸਪੁਰ )
ਮੋਬਾਈਲ ਨੰਬਰ 9914538888

ਵਿਕਲਾਂਗ ਦਿਵਸ ਦਾ ਆਰੰਭ ਸੰਨ 1992 ਤੋਂ ਯੁਨਾਈਟਡ ਨੈਸ਼ਨਲ ਜਨਰਲ ਅਸੈਂਬਲੀ ਦੁਆਰਾ ਕੀਤਾ ਗਿਆ। ਇਸ ਦਿਨ ਦਾ ਮਕਸਦ ਵਿਕਲਾਂਗ ਵਿਅਕਤੀਆਂ ਦੀਆਂ ਮੁਸਕਲਾਂ ਨੂੰ ਉਜਾਗਰ ਕਰਨਾ ਅਤੇ ਉਹਨਾਂ ਦੇ ਹੱਕਾਂ ਲਈ ਉਹਨਾਂ ਦਾ ਸਾਥ ਦੇਣਾ ਆਦਿ ਸੀ। ਦੁਨੀਆ ਭਰ ਵਿੱਚ ਇਸ ਵਖਤ ਵਿਕਲਾਂਗ ਵਿਅਕਤੀਆਂ ਦੀ ਗਿਣਤੀ ਸੌ ਕਰੋੜ ਦੇ ਕਰੀਬ ਹੈ। ਜੇਕਰ ਭਾਰਤ ਦੀ ਗੱਲ ਕੀਤੀ ਜਾਵੇਂ ਤਾਂ 2011ਦੀ ਜਨਗਣਨਾ ਅਨੁਸਾਰ ਭਾਰਤ ਵਿੱਚ 2 ਕਰੋੜ 70 ਲੱਖ ਵਿਕਲਾਂਗ ਵਿਅਕਤੀ ਹਨ। ਜਿੰਨਾ ਵਿੱਚੋ 1.50 ਕਰੋੜ ਮਰਦ ਅਤੇ 1.20 ਕਰੋੜ ਔਰਤਾਂ ਹਨ। 69% ਵਿਕਲਾਂਗ ਲੋਕ ਪਿੰਡਾ ਵਿੱਚ ਅਤੇ 31% ਲੋਕ ਸਹਿਰਾਂ ਵਿੱਚ ਰਹਿੰਦੇ ਹਨ। ਜੇਕਰ ਪੜ੍ਹਾਈ ਦੀ ਗੱਲ ਕੀਤੀ ਜਾਵੇਂ ਤਾਂ ਲਗਭਗ 61% ਵਿਕਲਾਂਗ ਵਿਅਕਤੀ ਸਕੂਲੀ ਪੜ੍ਹਾਈ ਪ੍ਰਾਪਤ ਕਰਦੇ ਹਨ।

ਉਚੇਰੀ ਸਿੱਖਿਆ ਵਿੱਚ ਇਹ ਪ੍ਰਤੀਸ਼ਤਾਂ ਘੱਟ ਕੇ 12% ਰਹਿ ਜਾਂਦੀ ਹੈ। ਇਹਨਾਂ ਦੀ ਵਿਆਹ ਦਰ ਲਗਭਗ 58% ਹੈ। ਪੰਜਾਬ ਵਿੱਚ ਵਿਕਲਾਂਗ ਲੋਕਾਂ ਦੀ ਗਿਣਤੀ 6.54 ਲੱਖ ਹੈ। ਇਹ ਗਿਣਤੀ ਪੰਜਾਬ ਦੀ ਆਬਾਦੀ ਦਾ 2.35% ਹੈ। ਉਤਰ ਪ੍ਰਦੇਸ਼ ਰਾਜ ਵਿੱਚ ਸਭ ਤੋਂ ਵੱਧ ਗਿਣਤੀ ਇਹਨਾਂ ਦੀ ਹੈ। ਕੁਲ ਆਬਾਦੀ ਦਾ 8.69% ਲੋਕ ਵਿਕਲਾਂਗ ਹਨ। ਪੰਜਾਬ ਦਾ ਸਥਾਨ ਤੇਰਵਾਂ ਹੈ। ਇੱਥੇ ਕੁਲ ਆਬਾਦੀ ਦਾ 2.44% ਲੋਕ ਵਿਕਲਾਂਗ ਹਨ। ਜੇਕਰ ਦੁਨੀਆ ਦੇ ਵੱਡੇ ਰਿਕਾਰਡ ਪੈਦਾ ਕਰਨ ਵਾਲੇ ਵਿਕਲਾਂਗ ਲੋਕਾਂ ਦੀ ਗੱਲ ਕੀਤੀ ਜਾਵੇਂ ਤਾਂ ਇਹ ਗਿਣਤੀ ਹਜ਼ਾਰਾਂ-ਲੱਖਾਂ ਵਿੱਚ ਹੋ ਸਕਦੀ ਹੈ। ਕੁਝ ਉਹ ਸਖਸੀਅਤਾਂ ਜਿੰਨਾ ਆਪਣੇ ਦ੍ਰਿੜ ? ਇਰਾਦੇ ਅਤੇ ਸਖਤ ਮਿਹਨਤ ਨਾਲ ਉਹ ਮੁਕਾਮ ਹਾਸਲ ਕੀਤੇ ਜਿਹੜੇ ਸਾਧਾਰਨ ਵਿਅਕਤੀਆਂ ਲਈ ਵੀ ਵੱਡੇ ਚੈਲੇਂਜ ਸਨ।ਸਟੇਫਨ ਹਊਕਿੰਗ ਇੰਗਲੈਂਡ ਨਿਵਾਸੀ ਦੁਨੀਆ ਦੇ ਇੱਕ ਮਸ਼ਹੂਰ ਭੌਤਿਕ ਵਿਗਿਆਨੀ ਸਨ ਜੋ ਨਾ ਤਾਂ ਚਲ ਫਿਰ ਸਕਦੇ ਸਨ ਅਤੇ ਨਾ ਹੀ ਬੋਲ ਸਕਦੇ ਸਨ। ਹੈਲਨ ਐਡਮਜ਼ ਕੈਲਰ ਅਮਰੀਕਾ ਨਿਵਾਸੀ ਨੇ ਲਗਭਗ ਇੱਕ ਦਰਜਨ ਕਿਤਾਬਾਂ ਲਿਖੀਆਂ। ਇਹ ਲੇਖਕਾਂ ਗੂੰਗੀ-ਬੋਲੀ ਅਤੇ ਨੇਤਰਹੀਣ ਸੀ। ਸੀਤਲ ਦੇਵੀ ਨਿਵਾਸੀ ਜੰਮੂ-ਕਸ਼ਮੀਰ ਪਹਿਲੀ ਔਰਤ ਜਿਸ ਦੀਆਂ ਦੋਵੇਂ ਬਾਹਾਂ ਨਾ ਹੋਣ ਦੇ ਬਾਵਜੂਦ ਤੀਰ ਅੰਦਾਜ਼ੀ ਵਿੱਚ ਏਸ਼ੀਅਨ ਪੈਰਾਂ-ਓਲੰਪਿਗ ਖੇਡਾਂ 2023 ਵਿੱਚ 3 ਮੈਡਲ ਜਿੱਤੇ ਜਿੰਨਾ ਵਿੱਚੋ ਦੋ ਸੋਨੇ ਦੇ ਹਨ। ਅਰੁਣਾ ਸਿਨਹਾਂ ਉਤਰ ਪ ?ਦੇਸ ਭਾਰਤ ਨਿਵਾਸੀ ਨੂੰ ਕੁਝ ਲੁਟੇਰਿਆਂ ਨੇ ਰੇਲ ਗੱਡੀ ਤੋਂ ਧੱਕਾ ਦੇ ਦਿੱਤਾ ਸੀ। ਰੇਲ ਗੱਡੀ ਹੇਠਾਂ ਆਉਣ ਕਾਰਨ ਉਸ ਦੀ ਇਕ ਲੱਤ ਕੱਟੀ ਗਈ। ਪਰ ਆਪਣੇ ਦ੍ਰਿੜ ? ਇਰਾਦੇ ਨਾਲ ਉਸ ਨੇ ਇਸ ਦੁਰਘਟਨਾ ਤੋਂ ਦੋ ਸਾਲ ਬਾਅਦ ਮਾਊਂਟ ਐਵਰੈਸਟ ਫਤੇ ਕਰ ਲਈ। ਸੁਦਾ ਚੰਦਰਾ ਬੰਬਈ ਨਿਵਾਸੀ ਦੀ ਇੱਕ ਲੱਤ 16 ਸਾਲ ਦੀ ਉਮਰ ਚ ਕੱਟਣੀ ਪਈ। ਫਿਰ ਵੀ ਉਹ ਇੱਕ ਮਸ਼ਹੂਰ ਐਕਟ ?ਸ ਤੇ ਕਲਾਸੀਕਲ ਡਾਸਰ ਹੈ। ਰਵਿੰਦਰਾ ਜੈਨ ਨਿਵਾਸੀ ਉਤਰ ਪ੍ਰਦੇਸ਼ ਨੇਤਰਹੀਣ ਹਨ ਅਤੇ ਇੱਕ ਮਸ਼ਹੂਰ ਮਿਊਜਿਕ ਡਇਰੈਕਟਰ ਹਨ। ਸ: ਰਜਿੰਦਰ ਸਿੰਘ ਰਹੇਲੂ ਨੂੰ ਪੋਲੀਓ ਹੋ ਗਿਆ ਸੀ। ਜਦੋਂ ਉਹ ਅੱਠ ਮਹੀਨੇ ਦੇ ਸਨ। ਉਹਨਾਂ ਨੇ ਸੰਨ 2004 ਦੀਆਂ ਪੈਰਾਂ-ਉਲੰਪਿੰਗ ਖੇਡਾਂ ਵਿੱਚ ਬਰੋਨ ਮੈਡਲ ਪਾਵਰ ਲਿਫਟਿੰਗ ਬੈਚ ਪ੍ਰੈੱਸ

ਵਿੱਚ ਜਿੱਤਿਆਂ। ਉਹ ਪਿੰਡ ਮਹਿਸਾਮਪੁਰ ਜਿਲਾ ਜਲੰਧਰ ਪੰਜਾਬ ਦੇ ਨਿਵਾਸੀ ਹਨ। ਇਹਨਾਂ ਵਿਅਕਤੀਆਂ ਦੀਆਂ ਉਪਲਬਧੀਆਂ ਹੈਰਾਨੀਜਨਕ ਹਨ। ਸਾਡੇ ਦੇਸ਼ ਵਿੱਚ 21 ਤਰਾਂ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਵਿਕਲਾਂਗਤਾ ਦੀ ਸੂਚੀ ਵਿੱਚ ਸਾਮਲ ਕੀਤਾ ਗਿਆ ਹੈ। ਪਰੰਤੂ ਨੌਕਰੀਆਂ ਵਿੱਚ ਇਹਨਾਂ ਦਾ ਕੋਟਾਂ ਸਿਰਫ 4% ਰਾਖਵਾਂ ਹੈ। ਇਹ ਲੋਕ ਸਰੀਰਿਕ ਤੌਰ ਤੇ ਹਰੇਕ ਕੰਮ ਕਰਨ ਦੇ ਯੋਗ ਨਹੀਂ ਹੁੰਦੇ। ਸਰਕਾਰ ਨੂੰ ਚਾਹੀਦਾ ਹੈ ਕਿ ਨੌਕਰੀਆਂ ਵਿੱਚ ਇਹਨਾਂ ਦਾ ਕੋਟਾ ਵਧਾਇਆਂ ਜਾਵੇ। ਚਾਹੇ ਉਹ ਸਰਕਾਰੀ ਸੈਕਟਰ ਹੋਵੇ ਜਾਂ ਪਰਾਈਵੇਟ। ਪੰਜਾਬ ਸਰਕਾਰ ਨੂੰ ਇਹਨਾਂ ਦੀ ਪੈਨਸ਼ਨ 1500 ਰੁਪਏ ਤੋਂ ਵਧਾ ਕੁ ਘੱਟ ਤੋਂ ਘੱਟ 5000 ਰੁਪਏ ਕਰਨੀ ਚਾਹੀਦੀ ਹੈ। ਸਵੈਰੁਜ਼ਗਾਰ ਖੋਲਣ ਲਈ ਵਿਆਜ ਰਹਿਤ ਕਰਜਾ ਦੇਣਾ ਚਾਹੀਦਾ ਹੈ। ਇਹਨਾਂ ਦੇ ਬੱਚਿਆਂ ਨੂੰ ਵੀ ਨੌਕਰੀ ਵਿੱਚ ਰਾਖਵਾਂਕਰਨ ਮਿਲਣਾ ਚਾਹੀਦਾ ਹੈ। ਕਿਉਂਕਿ ਇਹਨਾਂ ਲਈ ਪਰਿਵਾਰ ਦਾ ਪਾਲਣ - ਪੋਸ਼ਣ ਕਰਨ , ਜਰੂਰਤਾਂ ਪੂਰੀਆਂ ਕਰਨ ਅਤੇ ਆਪਣੇ

ਬੱਚਿਆਂ ਦੀ ਪੜ੍ਹਾਈ ਪੂਰੀ ਕਰਨ ਵਿੱਚ ਬਹੁਤ ਸਾਰੀਆਂ ਕਮੀਆਂ ਰਹਿ ਜਾਂਦੀਆਂ ਹਨ। ਸਮਾਜਿਕ ਤੌਰ ਤੇ ਵੀ ਇਹਨਾਂ ਨੂੰ ਰੋਜ਼ਮਰਾ ਬਹੁਤ ਸਾਰੀਆਂ ਪਰੇਸ਼ਾਨੀਆਂ ਸਹਿਣੀਆਂ ਪੈਂਦੀਆ ਹਨ। ਕੁਝ ਲੋਕ ਇਹਨਾਂ ਨੂੰ ਕੁਦਰਤ ਵੱਲੋਂ ਦਿੱਤੀ ਗਈ ਕਮਜ਼ੋਰੀ ਦਾ ਮਜਾਕ ਅਡਾਉਣ , ਇਹਨਾਂ ਦੀ ਜ਼ਮੀਨ ਜਾਇਦਾਦ ਦਾ ਨੁਕਸਾਨ ਕਰਨ ਹੜੱਪਣ ਆਦਿ ਦੀ ਤਾਂਘ ਵਿੱਚ ਹੁੰਦੇ ਹਨ, ਇਸ ਸੋਚ ਨਾਲ ਕਿ ਇਹਨਾਂ ਸਾਨੂੰ ਕੀ ਕਰ ਲੈਣਾ। ਸਰਕਾਰ ਨੂੰ ਚਾਹੀਦਾ ਹੈ ਇਹਨਾਂ ਦੀਆਂ ਮੁਸਕਲਾਂ ਦਾ ਹੱਲ ਕਰਨ ਲਈ ਇੱਕ ਸਪੈਸ਼ਲ ਸੈੱਲ ਨਿਯੁਕਤ ਕਰੇ ਬੈਕਾਂ, ਸਰਕਾਰੀ ਪਾਈਵੇਟ ਦਫਤਰਾਂ ਆਦਿ ਵਿੱਚ ਇਹਨਾਂ ਲਈ ਕੰਮ ਕਰਵਾਉਣ ਲਈ ਸਪੈਸ਼ਲ ਖਿੜਕੀ ਹੋਣੀ ਚਾਹੀਦੀ ਹੈ। ਕਿਉਂਕਿ ਇਹਨਾਂ ਲਈ ਬਿਨਾਂ ਸਹਾਰੇ ਜਾਂ ਜਿਆਦਾ ਦੇਰ ਖਲਾਉਣਾ ਮੁਸ਼ਕਲ ਹੋ ਜਾਂਦਾ ਹੈ। ਕੋਈ ਵੀ ਸਰਕਾਰੀ ਗੈਰ-ਸਰਕਾਰੀ ਸਹੂਲਤ ਲੈਣ ਲਈ ਬਹੁਤ ਸਾਰੀ ਕਾਗਜ਼ੀ ਕਾਰਵਾਈ ਤੇ ਦਫਤਰਾਂ ਦੇ ਗੇੜੇ ਮਾਰਨੇ ਪੈਂਦੇ ਹਨ। ਜਦ ਕਿ ਇੱਕ ਵਿਕਲਾਂਗ ਵਿਅਕਤੀ ਲਈ ਚੱਲਣ-ਫਿਰਨ ,ਜਿਆਦਾ ਦੇਰ ਖਲਾਉਣ ਆਦਿ ਵਿੱਚ ਦਿੱਕਤ

ਹੁੰਦੀ ਹੈ। ਕਾਗਜ਼ੀ ਕਾਰਵਾਈ ਸਰਲ ਤੇ ਘਰ ਬੈਠਿਆਂ ਦੀ ਹੋਣੀ ਚਾਹੀਦੀ ਹੈ। ਡਰਾਈਵਰ ਲਾਈਸੈਂਸ ਅਤੇ ਅਸਲਾ ਲਾਇਸੈਂਸ ਬਣਾਉਣ ਲਈ ਇਹਨਾਂ ਲੋਕਾਂ ਨੂੰ ਜਿਆਦਾਤਰ ਯੋਗ ਨਹੀ ਠਹਿਰਾਇਆ ਜਾਦਾ ਜੋ ਕਿ ਇਹਨਾਂ ਨਾਲ ਵੱਡੀ ਬੇਇਨਸਾਫੀ ਹੈ। ਡਾਕਟਰੀ ਜਾਂਚ ਕਰਵਾਂ ਕੇ ਯੋਗ ਵਿਅਕਤੀਆਂ ਨੂੰ ਡਰਾਈਵਿੰਗ ਲਾਇਸੰਸ ਤੇ ਅਸਲਾਂ ਲਾਇਸੈਂਸ ਜਰੂਰ ਦੇਣਾ ਚਾਹੀਦਾ ਹੈ। ਪਰ ਬਹੁਤ ਵਾਰ ਇਸ ਤਰਾਂ ਹੁੰਦਾ ਹੈ ਕਿ ਸੰਬੰਧਤ ਮਹਿਕਮੇ ਦੇ ਅਧਿਕਾਰੀਆਂ ਨੂੰ ਇਹ ਜਾਣਕਾਰੀ ਹੀ ਨਹੀਂ ਹੁੰਦੀ ਕਿ ਇਹਨਾਂ ਦੇ ਕੇਸ ਦੇ ਸੰਬੰਧ ਵਿੱਚ ਕੀ ਨਿਯਮ ਹਨ। ਇਹਨਾਂ ਨੂੰ ਇਹ ਕਹਿ ਕਿ ਅਧਿਕਾਰੀ ਆਪਣਾ ਪੱਲਾ ਝਾੜ ਲੈਂਦੇ ਹਨ ਕਿ ਤੁਹਾਡਾ ਨਹੀਂ ਬਣ ਸਕਦਾ ਕਿਉਂਕਿ ਤੁਸੀਂ ਵਿਕਲਾਂਗ ਹੋ। ਇਹਨਾਂ ਤੇ ਇਹਨਾਂ ਦੇ ਪਰਿਵਾਰ ਦੀ ਸੁਰੱਖਿਆ ਨੂੰ ਅੱਖੋ ਪਰੋਖੇ ਕਰਨਾ ਗਲਤ ਹੈ। ਜਿਆਦਾਤਰ ਇਹਨਾਂ ਨੂੰ ਲਾਚਾਰ ਤੇ ਅਯੋਗ ਹੀ ਸਮਝਿਆ ਜਾਦਾ ਹੈ। ਜਰੂਰੀ ਹੈ ਕਿ ਸਰਕਾਰ ਇਹਨਾਂ ਦੀ ਭਲਾਈ ਲਈ ਅਮਲੀ ਰੂਪ ਵਿੱਚ ਗੰਭੀਰਤਾਂ ਨਾਲ ਕਦਮ ਚੁੱਕੇ ਤਾਂ ਜੋ ਇਹ ਵੀ ਆਤਮ ਸਨਮਾਨ ਨਾਲ ਡਰ ਰਹਿਤ ਖੁਸ਼ਹਾਲ ਜ਼ਿੰਦਗੀ ਜੀਅ ਸਕਣ।



# ਆਪਣੇ ਅਸਲੇ ਅਤੇ ਆਪੇ ਤੋਂ ਭਟਕਿਆ ਪੰਜਾਬ

ਸਰਬਜੀਤ ਕੌਰ
ਖੋਜਾਰਥੀ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੰਜਾਬ ਬਾਰੇ ਗੱਲ ਕਰਨ ਵੇਲੇ ਅਕਸਰ ਇਸ ਦੇ ਮਹਾਨ ਵਿਰਸੇ ਦੀ ਗੱਲ ਕੀਤੀ ਜਾਂਦੀ ਹੈ। ਆਮ ਤੌਰ 'ਤੇ ਪੰਜਾਬ ਨੂੰ ਦੁਨੀਆਂ ਦੀ ਸਭ ਤੋਂ ਪੁਰਾਣੀ ਸਭਿਅਤਾ, ਸਭ ਤੋਂ ਪੁਰਾਣੇ ਗ੍ਰੰਥ (ਰਿਗਵੇਦ) ਅਤੇ ਸਭ ਤੋਂ ਪੁਰਾਣੀ ਯੂਨੀਵਰਸਿਟੀ (ਟੈਕਸਲਾ) ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਤੋਂ ਬਿਨਾਂ ਪੰਜਾਬ ਨੂੰ ਸੰਤਾਂ, ਆਸ਼ਿਕਾਂ ਤੇ ਯੋਧਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਭਾਰਤ ਦੀ ਖੜਗਭੁਜਾ ਹੋਣ ਦਾ ਰੁਤਬਾ, ਆਜ਼ਾਦੀ ਦੀ ਲੜਾਈ ਵਿਚ ਪਾਏ ਯੋਗਦਾਨ ਅਤੇ ਭਾਰਤ ਦੇ ਅੰਨ ਭੰਡਾਰ ਹੋਣ ਕਾਰਨ ਵੀ ਪੰਜਾਬ ਦਾ ਨਾਮ ਸ਼ਾਨ ਤੇ ਸਨਮਾਨ ਨਾਲ ਲਿਆ ਜਾਂਦਾ ਹੈ। ਇਉਂ ਪੰਜਾਬ ਦੀ ਧਰਤੀ ਨੂੰ ਅਧਿਆਤਮਿਕ, ਭੌਤਿਕ ਅਤੇ ਬੌਧਿਕ ਆਦਿ ਹਰ ਖੇਤਰ ਵਿਚ ਬਰਾਬਰ ਦੀ ਬੁਲੰਦੀ ਹਾਸਿਲ ਕਰਨ ਦਾ ਮਾਣ ਹੈ। ਇਨ੍ਹਾਂ ਵਿਸ਼ੇਸ਼ ਖ਼ਸਲਤਾਂ ਕਾਰਨ ਹੀ ਪੰਜਾਬ ਦੀ ਧਰਤੀ ਆਪਣਾ ਮੌਲਿਕ ਦਰਸ਼ਨ (ਗੁਰਮਤਿ) ਪੈਦਾ ਕਰਨ ਦੇ ਸਮਰੱਥ ਹੋਈ। ਪੰਜਾਬ ਬਾਰੇ ਅਜਿਹਾ ਬਹੁਤ ਕੁਝ ਹੈ ਜਿਸ ਉੱਪਰ ਅਕਸਰ ਮਾਣ ਕੀਤਾ ਜਾਂਦਾ ਹੈ ਤੇ ਕੀਤਾ ਜਾਣਾ ਚਾਹੀਦਾ ਹੈ।

ਲੇਕਿਨ ਪਿਛਲੇ ਕੁਝ ਦਹਾਕਿਆਂ ਤੋਂ ਜੇਕਰ ਸੋਸ਼ਲ, ਇਲੈਕਟ੍ਰਨਿਕ ਅਤੇ ਪ੍ਰਿੰਟ ਮੀਡੀਆ ਦੁਆਰਾ ਪੰਜਾਬ ਦੀ ਪੇਸ਼ ਕੀਤੀ ਜਾ ਰਹੀ ਤਸਵੀਰ ਦੇਖੀਏ ਤਾਂ ਇਹ ਤਸਵੀਰ ਬੇਵੱਸ, ਲਾਚਾਰ ਤੇ ਥੱਕੇ-ਟੁੱਟੇ ਪੰਜਾਬ ਦੀ ਤਸਵੀਰ ਹੈ। ਹੁਣ ਪੰਜਾਬ ਨਸ਼ੇ, ਕਿਸਾਨਾਂ ਦੀਆਂ ਆਤਮ-ਹੱਤਿਆਵਾਂ, ਬੇਰੁਜ਼ਗਾਰੀ, ਪਰਵਾਸ ਤੇ ਕੁੜੀਮਾਰਾਂ ਦੇ ਸੂਬੇ ਵਜੋਂ ਜਾਣਿਆ ਜਾਂਦਾ ਹੈ। ਪੰਜਾਬੀ ਬੰਦੇ, ਵਿਸ਼ੇਸ਼ ਕਰਕੇ ਨੌਜਵਾਨਾਂ ਦੇ ਪਰਵਾਸ ਦਾ ਅੰਕੜਾ ਹਾਲਾਤ ਦੀ ਨਜ਼ਾਕਤ ਬਿਆਨ ਕਰਦਾ ਹੈ। ਸੋ ਅੱਜ ਇਤਿਹਾਸ, ਸਾਹਿਤ, ਕਲਾ ਅਤੇ ਪੁਰਾਤਤਵ ਦੇ ਸਰੋਤਾਂ ਰਾਹੀਂ ਜਾਣੇ ਪੰਜਾਬ ਅਤੇ ਵਰਤਮਾਨ ਦੇ ਪੰਜਾਬ ਵਿਚਲਾ ਖੱਪਾ ਸੁਤੇਸਿੱਧ ਮਹਿਸੂਸ ਹੁੰਦਾ ਹੈ। ਇਹ ਖੱਪਾ ਪਹਿਲੀ ਵਾਰ ਉਦੋਂ ਮਹਿਸੂਸ ਹੋਇਆ ਸੀ ਜਦੋਂ ਸਕੂਲ 'ਚ ਪੜ੍ਹਦਿਆਂ ਪਤਾ ਲੱਗਿਆ ਕਿ ਪੰਜਾਬ ਮਾਈ ਭਾਗੋ, ਮਾਤਾ ਗੁਜਰੀ ਤੇ ਰਜ਼ੀਆ ਸੁਲਤਾਨਾ ਵਰਗੀਆਂ ਪ੍ਰਭਾਵਸ਼ਾਲੀ ਔਰਤਾਂ ਦੀ ਕਰਮਭੂਮੀ ਰਿਹਾ ਹੈ। ਉਦੋਂ ਮਨ ਵਿਚ ਪਹਿਲਾ ਸਵਾਲ ਇਹੀ ਆਇਆ ਸੀ ਕਿ ਇਹ ਔਰਤਾਂ ਇੰਨਾ ਸਮਾਂ ਪਹਿਲਾਂ ਇੰਨੇ ਕ੍ਰਾਂਤੀਕਾਰੀ ਕੰਮ ਕਿਵੇਂ ਕਰ ਗਈਆਂ? ਅੱਜ ਵੀ ਮਨ ਵਿਚ ਇਹ ਸਵਾਲ ਉੱਠਦਾ ਹੈ ਕਿ ਮਾਈ ਭਾਗੋ ਤੇ ਰਜ਼ੀਆ ਦੀਆਂ ਵਾਰਿਸ ਔਰਤਾਂ ਦੀ ਸਿਆਸੀ ਚੇਤਨਾ ਸਮੇਂ ਦੇ ਬੀਤਣ ਨਾਲ ਪ੍ਰਬੀਨ ਹੋਣ ਦੀ ਬਜਾਇ ਅਪ੍ਰਵਾਨ ਕਿਵੇਂ ਹੁੰਦੀ ਗਈ? ਖ਼ੈਰ! ਇਸ ਤੋਂ ਬਾਅਦ ਬੀਤੇ ਅਤੇ ਵਰਤਮਾਨ ਵਿਚਲੇ ਫ਼ਰਕ ਦਾ ਅਹਿਸਾਸ ਲਗਾਤਾਰ ਤੀਬਰ ਹੁੰਦਾ ਗਿਆ। ਅੱਜ ਗਿਆਨ, ਵਿਗਿਆਨ, ਸੂਚਨਾ, ਤਕਨੀਕ, ਕਲਾ ਤੇ ਦਰਸ਼ਨ ਆਦਿ ਖੇਤਰਾਂ ਵਿਚ ਪੰਜਾਬ ਦੀ ਹਾਲਤ ਨੂੰ ਦੇਖ ਕੇ ਹਮੇਸ਼ਾ ਇਹੀ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਵਿਵੇਕੀ, ਜੁਝਾਰੂ ਤੇ ਆਸ਼ਾਵਾਦੀ ਪ੍ਰਕਿਰਤੀ ਨੂੰ ਖੋਰਾ ਕਿਵੇਂ ਲੱਗ ਗਿਆ? ਆਖ਼ਿਰ ਸਾਡੇ ਲੋਕਾਂ ਨਾਲ ਅਜਿਹਾ ਕੀ ਵਾਪਰਿਆ ਕਿ ਮਹਿਜ਼ ਇਕ-ਦੋ ਸਦੀਆਂ ਵਿਚ ਉਨ੍ਹਾਂ ਨੇ ਆਪਣੀ ਸ਼ਾਨਾਮੱਤਾ ਤੇ ਅਮੀਰ ਵਿਰਾਸਤ ਦੀ ਲਗਾਤਾਰਤਾ ਨੂੰ ਖ਼ਤਰਾ ਖੜ੍ਹਾ ਕਰ ਲਿਆ?

ਇਸ ਦਾ ਕਾਰਨ ਸ਼ਾਇਦ ਸਾਡਾ ਆਪਣੀਆਂ ਸਮੱਸਿਆਵਾਂ ਨੂੰ ਵਿਰਸੇ ਅਤੇ ਵਰਤਮਾਨ ਦੇ ਪ੍ਰਸੰਗ ਵਿਚ ਦੇਖਣ, ਸਮਝਣ ਅਤੇ ਵਿਚਾਰਨ ਤੋਂ ਅਸਮਰੱਥ ਰਹਿਣਾ ਹੈ। ਇਸ ਅਸਮਰੱਥਾ ਕਰਕੇ ਹੀ ਵਰਤਮਾਨ ਸਮੇਂ ਪੰਜਾਬੀ ਬੰਦੇ ਦਾ ਕਿਰਦਾਰ ਦੋਗਲਾ, ਦੁਫਾੜ ਤੇ ਮੌਕਾਪ੍ਰਸਤ ਹੋ ਗਿਆ ਹੈ, ਕਿਉਂਕਿ ਉਸ ਦਾ ਇਕ ਪੈਰ ਭੂਤਕਾਲ ਵਿਚ ਤੇ ਦੂਜਾ ਵਰਤਮਾਨ ਵਿਚ ਹੈ। ਹੁਣ ਸੱਭਿਆਚਾਰਕ ਸਮੂਹ ਵਜੋਂ ਸਾਡੀ ਸਮਝ ਦਾ ਕੋਈ ਇਕ ਸਾਂਝਾ ਧਰਾਤਲ ਨਹੀਂ ਹੈ। ਮਿਸਾਲ ਵਜੋਂ ਅੱਜ ਹਰ ਪੰਜਾਬੀ ਦੇ ਦੂਜੇ ਤੇ ਆਪਣੇ ਲਈ ਲਾਗੂ ਹੁੰਦੇ ਪੈਮਾਨਿਆਂ ਵਿਚ ਫ਼ਰਕ ਹੈ। ਇਹ ਫ਼ਰਕ ਦੂਜਿਆਂ ਦੀਆਂ ਤੇ ਆਪਣੀਆਂ ਕੁੜੀਆਂ ਤੋਂ ਲੈ ਕੇ ਧਰਮਾਂ, ਰਵਾਇਤਾਂ, ਤਿਉਹਾਰਾਂ, ਕੱਪੜਿਆਂ, ਖਾਣ-ਪੀਣ, ਰਹਿਣ-ਸਹਿਣ, ਭਾਸ਼ਾ ਤੇ ਇਲਾਕੇ ਤੱਕ ਫੈਲਿਆ ਹੋਇਆ ਹੈ। ਕਾਰਨ ਸਪੱਸ਼ਟ ਹੈ ਕਿ ਸੱਭਿਆਚਾਰਕ ਸਮੂਹ ਵਜੋਂ ਪੰਜਾਬੀਆਂ ਨੇ ਕੁਝ ਅਜਿਹੀਆਂ ਆਦਤਾਂ ਜਾਂ ਰੁਝਾਨ ਅਪਨਾ ਲਏ ਹਨ ਜਿਨ੍ਹਾਂ ਦਾ ਸਾਡੀ ਸੱਭਿਆਚਾਰਕ ਕਦਰ-ਪ੍ਰਣਾਲੀ ਨਾਲ ਜੋੜਮੇਲ ਨਹੀਂ ਬੈਠ ਰਿਹਾ। ਨਤੀਜੇ ਵਜੋਂ ਸੱਭਿਆਚਾਰਕ ਸਥਲ ਉੱਪਰ ਪੰਜਾਬ ਤੇ ਪੰਜਾਬੀ ਖਲਾਅ ਵਿਚ ਲਟਕ ਰਹੇ ਹਨ। ਇੱਥੇ ਸੱਭਿਆਚਾਰ ਜਾਂ ਵਿਰਾਸਤ ਦੀ ਲਗਾਤਾਰਤਾ ਦਾ ਭਾਵ ਸਭਿਆਚਾਰਕ ਖੜੋਤ ਜਾਂ ਵਿਰਾਸਤ ਦੀਆਂ ਮਰਨਹਾਰ ਕਦਰਾਂ ਕੀਮਤਾਂ ਨੂੰ ਜੱਫਾ ਮਾਰਨਾ ਨਹੀਂ ਸਗੋਂ ਆਪਣੀਆਂ ਸਭਿਆਚਾਰਕ ਜੜ੍ਹਾਂ ਵਿਚੋਂ ਮੌਲਣ-ਵਿਗਸਣ ਦੇ ਵਧੇਰੇ ਸਾਜ਼ਗਾਰ ਮਾਹੌਲ ਦੀ ਸਮਝ ਪੈਦਾ ਕਰਨਾ ਹੈ।

ਇਸੇ ਸਮਝ ਲਈ ਅਸੀਂ ਕੁਝ ਸਵਾਲਾਂ ਨੂੰ ਮੁਖ਼ਾਤਿਬ ਹੋਵਾਂਗੇ। ਪ੍ਰਾਚੀਨ ਸਮਿਆਂ ਤੋਂ ਲੈ ਕੇ ਮੱਧਕਾਲ ਤੱਕ ਪੰਜਾਬ ਦੇ ਨਾਮ ਬਦਲਦੇ ਰਹੇ ਹਨ ਲੇਕਿਨ ਪੰਜਾਬੀ ਸਭਿਆਚਾਰ ਤੇ ਲੋਕਾਂ ਦੇ ਕਿਰਦਾਰ ਵਿਚ ਕੋਈ ਜ਼ਿਆਦਾ ਬਦਲਾਓ ਨਹੀਂ ਆਉਂਦਾ। ਫਿਰ ਪਿਛਲੀ ਇਕ ਸਦੀ ਵਿਚ ਅਜਿਹਾ ਕੀ ਵਾਪਰਿਆ ਕਿ ਅਸੀਂ ਸਦੀਆਂ ਪੁਰਾਣੀਆਂ ਸਾਂਝੀਆਂ ਪਰੰਪਰਾਵਾਂ, ਰਵਾਇਤਾਂ ਅਤੇ ਸੱਭਿਆਚਾਰ ਨੂੰ ਤਿਲਾਂਜਲੀ ਦੇਣ ਵੇਲੇ ਕੋਈ ਹਿਚਕਿਚਾਹਟ ਮਹਿਸੂਸ ਨਹੀਂ ਕੀਤੀ? ਪੰਜਾਬ ਵੰਡ, ਭਾਸ਼ਾ ਆਧਾਰਿਤ ਪੁਨਰਗਠਨ, ਹਰੀ ਕ੍ਰਾਂਤੀ, ਪੰਜਾਬ ਸੰਕਟ ਆਦਿ ਦੇ ਸਮਿਆਂ ਦੌਰਾਨ ਇਕ ਵਾਰ ਨਹੀਂ ਸਗੋਂ ਵਾਰ ਵਾਰ ਪੰਜਾਬੀਆਂ ਨੇ ਆਪਣੀ ਪ੍ਰਾਚੀਨ ਅਤੇ ਸਾਂਝੀ ਵਿਰਾਸਤ ਤੋਂ ਮੂੰਹ ਫੇਰਨ ਦਾ ਸਬੂਤ ਦਿੱਤਾ ਹੈ। ਇਸੇ ਲਈ ਪੰਜਾਬੀ ਸਭਿਆਚਾਰ ਦੇ ਭੂਤ ਤੇ ਵਰਤਮਾਨ ਦੇ ਪ੍ਰਸੰਗ ਵਿਚ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ ਜਿਨ੍ਹਾਂ ਦਾ ਸ਼ਾਇਦ ਕਿਸੇ ਕੋਲ ਵੀ ਕੋਈ ਜਵਾਬ ਨਹੀਂ ਹੈ। ਜਿਵੇਂ ਪੰਜਾਬ ਦੀ ਔਰਤ ਦੇ ਆਜ਼ਾਦੀ ਪਸੰਦ ਹੋਣ ਦੀਆਂ ਮਿਸਾਲਾਂ ਪ੍ਰਾਚੀਨ ਗ੍ਰੰਥਾਂ ਤੋਂ ਲੈ ਕੇ ਮੱਧਕਾਲੀ ਕਿੱਸਾ ਤੇ ਸੂਫ਼ੀ ਕਾਵਿ ਵਿਚੋਂ ਆਮ ਮਿਲਦੀਆਂ ਹਨ। ਫਿਰ ਅੱਜ ਪੰਜਾਬ ਦੀ ਔਰਤ ਬਰਾਬਰੀ, ਆਜ਼ਾਦੀ, ਸਵੈ-ਨਿਰਭਰਤਾ ਵਰਗੇ ਸਵਾਲਾਂ ਨੂੰ ਜ਼ਿੰਮੇਵਾਰਾਨਾ, ਯੋਜਨਾਮਈ ਤੇ ਬੌਧਿਕ ਪ੍ਰਪੱਕਤਾ ਨਾਲ ਮੁਖ਼ਾਤਿਬ ਕਿਉਂ ਨਹੀਂ ਹੈ? ਪੰਜ ਪਿਆਰਿਆਂ, ਭਾਈ ਜੈਤੇ, ਲਾਲੋ ਤੇ ਮਰਦਾਨੇ ਦੀ ਧਰਤੀ ਉੱਪਰ ਦਲਿਤ ਮੁਕਤੀ ਦੇ ਸਵਾਲ ਨੂੰ ਲੈ ਕੇ ਪੰਜਾਬ ਦੇ ਵਿਦਵਾਨ ਵਰਗ ਤੇ ਸਾਧਾਰਨ ਲੋਕਾਂ ਦੀ ਕੋਈ ਸਪੱਸ਼ਟ ਰਾਇ, ਸਾਂਝੀ ਤੇ ਵਿਗਿਆਨਕ ਹਾਲਤ ਕਿਉਂ ਨਹੀਂ ਹੈ? ਜੇ ਜਾਤ ਦਾ ਸਵਾਲ ਜ਼ਿਆਦਾ ਗੰਭੀਰ ਨਹੀਂ ਹੈ ਤਾਂ ਭਾਈ ਜੈਤੇ ਦੇ ਵਾਰਿਸਾਂ ਨੂੰ ਅਲੱਗ ਗੁਰਦੁਆਰੇ ਕਿਉਂ ਬਣਾਉਣੇ ਪਏ? ਕੀ ਇਹ ਸਵਾਲ ਸੱਭਿਆਚਾਰ ਨੂੰ ਦਰਪੇਸ਼ ਖ਼ਤਰਿਆਂ ਨਾਲ ਜੁੜੇ ਸਵਾਲ ਨਹੀਂ ਹਨ? ਅਸੀਂ ਇਨ੍ਹਾਂ ਸਵਾਲਾਂ ਤੋਂ ਪੱਲਾ ਝਾੜ ਕੇ ਆਪਣੇ ਆਪ ਨੂੰ ਪੰਜਾਬੀ ਕਿਵੇਂ ਕਹਿੰਦੇ ਹਾਂ?

ਇਸੇ ਤਰ੍ਹਾਂ ਕਲਾ ਅਤੇ ਕਾਰੋਬਾਰ ਦੇ ਸਵਾਲ ਹਨ। ਲਾਹੌਰ ਸਦੀਆਂ ਤੱਕ ਕਲਾ ਅਤੇ ਕਾਰੋਬਾਰ ਦਾ ਕੇਂਦਰ ਰਿਹਾ ਹੈ। ਅੱਜ ਸਾਡੀ ਕਲਾ ਅਤੇ ਕਾਰੋਬਾਰ ਦਾ ਕੇਂਦਰ ਕਿੱਥੇ ਹੈ? ਮੰਨਿਆ ਜਾਂਦਾ ਹੈ ਕਿ ਕਲਾ ਦੀ ਅਣਹੋਂਦ ਮਨੁੱਖ ਤੇ ਸੱਭਿਆਚਾਰਕ ਸਮੂਹ ਨੂੰ ਅਸੰਵੇਦਨਸ਼ੀਲ ਬਣਾ ਦਿੰਦੀ ਹੈ। ਕਿਤੇ ਸੱਭਿਆਚਾਰਕ ਤੌਰ 'ਤੇ ਸਾਡੀ ਸੰਵੇਦਨਹੀਣਤਾ ਦਾ ਕਾਰਨ ਸਾਡਾ ਕਲਾ ਤੋਂ ਦੂਰ ਜਾਣਾ ਜਾਂ ਬੇਮੁਖ ਹੋਣਾ ਤਾਂ ਨਹੀਂ ਹੈ? ਰਾਂਝੇ ਦੀ ਵੰਝਲੀ ਤੇ ਮਰਦਾਨੇ ਦੀ ਰਬਾਬ ਵਾਲਾ ਸੱਭਿਆਚਾਰ ਅੱਜ ਕਲਾ ਪੱਖੋਂ ਦਿਵਾਲੀਏਪਨ ਦਾ ਸ਼ਿਕਾਰ ਹੈ। ਇਹ ਵੱਡਾ ਸਵਾਲ ਹੈ ਕਿ ਸੱਭਿਆਚਾਰਕ ਤੇ ਇਤਿਹਾਸਕ ਤੌਰ 'ਤੇ ਕਲਾ ਦੇ ਮਨੁੱਖੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਪੈਣ ਵਾਲੇ ਸਕਾਰਾਤਮਕ ਯੋਗਦਾਨ ਬਾਰੇ ਚੰਗੀ ਤਰ੍ਹਾਂ ਜਾਣਨ ਵਾਲੇ ਪੰਜਾਬੀ ਇਕ ਸਦੀ ਵਿਚ ਇੰਨੇ ਨਾਸਮਝ ਕਿਵੇਂ ਹੋ ਗਏ ਕਿ ਉਨ੍ਹਾਂ ਨੇ ਸਾਜ਼, ਧੁਨਾਂ, ਚਿੱਤਰਕਾਰੀ, ਬੁਣਾਈ, ਉਣਾਈ ਤੇ ਇਮਾਰਤਸਾਜ਼ੀ ਦੇ ਨਾਲ ਨਾਲ ਲੱਕੜ, ਮਿੱਟੀ ਅਤੇ ਧਾਤੂ ਕਲਾ ਦੀਆਂ ਤਕਰੀਬਨ ਸਾਰੀਆਂ ਪਰੰਪਰਕ ਵੰਨਗੀਆਂ ਖ਼ਤਮ ਕਰ ਲਈਆਂ? ਮਨੁੱਖ ਅਤੇ ਸਮੂਹ ਵਜੋਂ ਕਲਾ ਨਾਲ ਸਾਡੇ ਜੀਵੰਤ ਰਿਸ਼ਤੇ ਦੇ ਟੁੱਟਣ ਦੇ ਨੁਕਸਾਨਾਂ ਬਾਰੇ ਅਸੀਂ ਸੁਚੇਤ ਕਿਉਂ ਨਹੀਂ ਹਾਂ?

ਇਸ ਤੋਂ ਬਿਨਾਂ 'ਪਵਨ ਗੁਰੂ ਪਾਣੀ ਪਿਤਾ ਤੇ ਮਾਤਾ ਧਰਤ ਮਹੱਤ' ਵਿਚਾਰਾਂ ਦੇ ਪੈਰੋਕਾਰਾਂ ਨੇ ਆਪਣੀ ਪੌਣ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਕਿਵੇਂ ਹੋਣ ਦਿੱਤਾ? ਖਵਾਜੇ ਨੂੰ ਪੂਜਣ ਵਾਲੇ ਲੋਕਾਂ ਨੇ ਮਹਿਜ਼ ਇਕ ਸਦੀ ਵਿਚ ਆਪਣੇ ਤਕਰੀਬਨ ਸਾਰੇ ਜਲ ਸਰੋਤ ਖੁਸ਼ੀ ਖੁਸ਼ੀ ਕਿਵੇਂ ਬਰਬਾਦ ਕਰ ਦਿੱਤੇ? ਅੱਜ ਤੱਕ ਵੀ ਕਿਸੇ ਨੇ ਇਸ ਬਾਰੇ ਗੰਭੀਰਤਾ ਨਾਲ ਨਹੀਂ ਸੋਚਿਆ ਕਿ ਪਾਣੀਆਂ ਦੀ ਧਰਤੀ ਦੇ ਸੱਭਿਆਚਾਰ ਦਾ ਭਵਿੱਖ ਪਾਣੀ ਤੋਂ ਬਿਨਾਂ ਕਿਸ ਤਰ੍ਹਾਂ ਦਾ ਹੋਵੇਗਾ? ਇਸ ਦਾ ਕਾਰਨ ਹੈ ਕਿ ਅਸੀਂ ਸੋਚਣ ਜੋਗੇ ਰਹੇ ਹੀ ਨਹੀਂ ਹਾਂ। ਅਸੀਂ ਸੋਚਣਾ ਤੇ ਵਿਚਾਰਨਾ ਭੁੱਲ ਚੁੱਕੇ ਕੇਵਲ ਉਪਭੋਗੀ ਲੋਕ ਹਾਂ। ਇਹ ਸਾਡੀ ਉਪਭੋਗੀ ਬਿਰਤੀ ਦਾ ਪ੍ਰਮਾਣ ਹੈ ਕਿ ਸਮੁੱਚੇ ਮਾਲਵੇ ਦੇ ਕੈਂਸਰ ਦੀ ਲਪੇਟ ਵਿਚ ਆਉਣ ਤੋਂ ਬਾਅਦ ਵੀ ਅਸੀਂ ਕੋਈ ਬਦਲ ਨਹੀਂ ਸਿਰਜਿਆ। ਕਿਸਾਨਾਂ, ਮਜ਼ਦੂਰਾਂ, ਔਰਤਾਂ ਤੇ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ ਹਰ ਰੋਜ਼ ਅਖ਼ਬਾਰਾਂ ਦੀ ਖ਼ਬਰ ਬਣਦੀਆਂ ਹਨ। ਅਜਿਹਾ ਕਿਉਂ ਹੋਇਆ ਕਿ ਪੰਜਾਬੀ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਦੇ ਢੇਰ ਉੱਪਰ ਹੁੰਦੀ ਘਟੀਆ ਸਿਆਸਤ ਨੂੰ ਬੇਵੱਸ ਤੇ ਲਾਚਾਰ ਹੋ ਕੇ ਦੇਖਦੇ ਰਹਿੰਦੇ ਹਨ? ਸਦੀਆਂ ਤੋਂ 'ਰਣ ਤੱਤੇ' ਵਿਚ ਜੂਝਣ ਲਈ ਜਾਣੇ ਜਾਂਦੇ ਪੰਜਾਬੀਆਂ ਦਾ ਹੁਣ ਖ਼ੂਨ ਕਿਉਂ ਨਹੀਂ ਖੌਲ਼ਦਾ? 'ਬਾਰ ਪਰਾਇ ਬੈਸਣਾ ਸਾਈਂ ਮੁਝੇ ਨਾ ਦੇਹ', 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ' ਅਤੇ 'ਭੱਜ ਜਾਣਾ ਮਰਦਾਂ ਨੂੰ ਮਿਹਣਾ ਤੇ ਡੁੱਬ ਜਾਣਾ ਮੱਛੀਆਂ ਨੂੰ' ਵਰਗੇ ਵਿਚਾਰਾਂ ਦੇ ਪਹਿਰੇਦਾਰ ਪੰਜਾਬ ਦੀ ਧਰਤੀ ਤੋਂ ਭੱਜ ਕੇ ਵਿਦੇਸ਼ਾਂ ਵਿਚ ਭਵਿੱਖ ਕਿਵੇਂ ਦੇਖ ਸਕਦੇ ਹਨ? ਸੋ ਸਭਿਆਚਾਰ ਦੇ ਪੱਖ ਤੋਂ ਇਹ ਸਾਡੇ ਆਪੇ ਦੀ ਆਪੇ ਨਾਲ ਲੜਾਈ ਨੂੰ ਪੇਸ਼ ਕਰਦੀ ਹਾਲਤ ਹੈ; ਹਾਲਾਂਕਿ ਹੁਣ ਹਾਲਾਤ ਬਦਲ ਰਹੇ ਹਨ। ਪੰਜਾਬ ਕਰਵਟ ਲੈ ਰਿਹਾ ਹੈ। ਉਹ ਆਪਣੇ ਸੰਘਰਸ਼ਸ਼ੀਲ ਅਸਲੇ ਵੱਲ ਮੁੜ ਰਿਹਾ ਹੈ। ਅੱਜ ਦੇ ਸੰਘਰਸ਼ਾਂ ਦੀ ਪਹਿਲੇ ਸਮਿਆਂ ਨਾਲੋਂ ਵੱਖਰਾਪਨ ਇਨ੍ਹਾਂ ਦਾ ਸਾਂਝੇ ਝੰਡਿਆਂ ਹੇਠ ਇਕੱਠੇ ਹੋਣਾ ਹੈ। ਇਸ ਸੂਰਤ ਵਿਚ ਸਭ ਤੋਂ ਵੱਡੀ ਜ਼ਿੰਮੇਵਾਰੀ ਬੁੱਧੀਜੀਵੀ ਵਰਗ ਦੀ ਬਣਦੀ ਹੈ ਕਿ ਉਹ ਆਪਣੇ ਸਹੂਲਤ-ਪਸੰਦ ਘੇਰੇ ਵਿਚੋਂ ਬਾਹਰ ਆਉਣ ਅਤੇ ਲੋਕਾਂ ਨੂੰ ਅਗਵਾਈ ਦੇਣ। ਜੇਕਰ ਇਸ ਸਮੇਂ ਸਿਆਣੇ, ਸੁਲਝੇ ਅਤੇ ਸਮਰੱਥ ਲੋਕਾਂ ਨੇ ਅਗਵਾਈ ਦੀ ਵਾਗਡੋਰ ਨਾ ਸੰਭਾਲੀ ਤਾਂ ਪੰਜਾਬ ਦਾ ਭਵਿੱਖ ਇਕ ਵਾਰ ਫਿਰ ਬੇਸਿਰਿਆਂ ਤੇ ਬੇਸਮਝਾਂ ਦੇ ਹੱਥ ਜਾਣ ਦਾ ਖ਼ਦਸ਼ਾ ਹੈ। ਸੋ ਇਸ ਸਮੇਂ ਸੱਜੀਆਂ-ਖੱਬੀਆਂ ਸਿਆਸਤਾਂ ਦੇ ਪੈਂਤੜੇ ਤੋਂ ਉੱਪਰ ਉੱਠ ਕੇ ਲੋਕ ਹਿਤ ਤੇ ਪੰਜਾਬ ਹਿਤ ਬਾਰੇ ਸੋਚਣ ਦਾ ਸਮਾਂ ਹੈ।

# ਆਈਲੈੱਟਸ ਦੇ ਆਈਨੇ ਰਾਹੀਂ ਪੰਜਾਬ ਨੂੰ ਵੇਖਦਿਆਂ

ਇਸ ਸਾਲ ਪੰਜਾਬ ਦੇ ਡੇਢ ਤੋਂ ਦੋ ਲੱਖ ਦੇ ਕਰੀਬ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਲਈ ਕੈਨੇਡਾ ਅਤੇ ਹੋਰ ਮੁਲਕਾਂ ਵਿਚ ਚਲੇ ਗਏ ਹਨ। ਕੁਝ ਅੰਦਾਜ਼ਿਆਂ ਅਨੁਸਾਰ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਪਹਿਲੇ ਸਾਲ ਲਗਭਗ 27 ਹਜ਼ਾਰ ਕਰੋੜ ਰੁਪਏ ਖ਼ਰਚ ਹੋਣਗੇ। ਕੈਨੇਡਾ ਨੇ ਅਜਿਹੇ ਵਿਦਿਆਰਥੀਆਂ ਲਈ ਆਪਣੇ ਦਰਵਾਜ਼ੇ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਹਨ ਤੇ ਬਹੁਗਿਣਤੀ ਕੈਨੇਡਾ ਗਈ ਹੈ ਜਦੋਂਕਿ ਬਾਕੀ ਦੇ ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ ਤੇ ਇੰਗਲੈਂਡ। ਪਹਿਲਾਂ ਵਿਦਿਆਰਥੀ ਗਰੈਜੂਏਸ਼ਨ ਤੋਂ ਬਾਅਦ ਪੋਸਟ-ਗਰੈਜੂਏਸ਼ਨ ਦੀ ਪੜ੍ਹਾਈ ਲਈ ਬਾਹਰ ਜਾਂਦੇ ਸਨ ਪਰ ਇਸ ਵਾਰ ਵੱਧ ਗਿਣਤੀ ਵਿਚ ਅੰਡਰ-ਗਰੈਜੂਏਟ ਪੜ੍ਹਾਈ ਲਈ ਬਾਹਰ ਗਏ ਹਨ। ਕੁਝ ਸਮਾਂ ਪਹਿਲਾਂ ਪੰਜਾਬ ਦੇ ਤਕਨੀਕੀ ਵਿੱਦਿਆ ਦੇ ਮੰਤਰੀ ਨੇ ਕਿਹਾ ਸੀ ਕਿ ਸਰਕਾਰ ਇਸ ਗੱਲ ਲਈ ਪ੍ਰਤੀਬੱਧ ਹੈ ਕਿ ਉਹ ਸੂਬੇ ਵਿਚ ਰੁਜ਼ਗਾਰ ਦੇ ਹੋਰ ਵੱਧ ਮੌਕੇ ਮੁਹੱਈਆ ਕਰੇਗੀ ਅਤੇ ਵਿਦਿਆਰਥੀਆਂ ਨੂੰ ਪਰਵਾਸ ਦੇ ਜੰਜਾਲ ਵਿਚ ਨਹੀਂ ਫਸਣਾ ਚਾਹੀਦਾ। ਕਾਂਗਰਸ ਸਰਕਾਰ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ 'ਹਰ ਘਰ ਵਿਚ ਇਕ ਨੌਕਰੀ' ਦਾ ਵਾਅਦਾ ਵੀ ਕੀਤਾ ਸੀ।

ਹੁਣ ਪੰਜਾਬ ਦੇ ਸਿੱਖਿਆ ਵਿਭਾਗ ਨੇ ਇਕ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਜਿਸ ਦਾ ਪੂਰਾ ਨਾਂ ਇਨਟਰੈਕਟਿਵ ਇੰਗਲਿਸ਼ ਲੈਂਗੂਏਜ ਟੀਚਿੰਗ ਫਾਰ ਸਟੂਡੈਂਟਸ (IELS) ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਦਾ ਸੰਖਿਪਤ ਰੂਪ ਆਈਲੈੱਟਸ (IELS) ਉਸ ਇਮਤਿਹਾਨ ਦੇ ਸੰਖਿਪਤ ਰੂਪ ਨਾਲ ਮਿਲਦਾ ਹੈ ਜੋ ਬੱਚਿਆਂ ਨੂੰ ਕੈਨੇਡਾ ਤੇ ਹੋਰ ਦੇਸ਼ਾਂ ਵਿਚ ਦੇਣ ਲਈ ਜਾਣਾ ਪੈਂਦਾ ਹੈ ਭਾਵ ਇੰਟਰਨੈਸ਼ਨਲ ਇੰਗਲਿਸ਼ ਲੈਂਗੂਏਜ਼ ਟੈਸਟਿੰਗ ਸਿਸਟਮ (IELS)। ਸਿੱਖਿਆ ਵਿਭਾਗ ਦੇ ਬੁਲਾਰੇ ਨੇ ਕਿਹਾ ਹੈ ਕਿ ਸਰਕਾਰੀ ਸਕੀਮ ਦਾ ਮੰਤਵ ਬੱਚਿਆਂ ਨੂੰ ਬਾਹਰ ਜਾਣ ਲਈ ਉਤਸ਼ਾਹਿਤ ਕਰਨਾ ਨਹੀਂ ਸਗੋਂ ਉਨ੍ਹਾਂ ਦੀ ਅੰਗਰੇਜ਼ੀ ਸੁਧਾਰਨਾ ਹੈ। ਸੋਚਣ ਵਾਲੀ ਗੱਲ ਹੈ ਕਿ ਇਨ੍ਹਾਂ ਦੋਵਾਂ ਦੇ ਨਾਂ ਇਕੋ ਜਿਹੇ ਕਿਉਂ ਰੱਖੇ ਗਏ? ਕੀ ਇਹ ਚੇਤਨ ਤੌਰ 'ਤੇ ਕੀਤਾ ਗਿਆ ਜਾਂ ਅਚੇਤ ਹੀ। ਫਰਾਇਡ ਦੇ ਨਜ਼ਰੀਏ ਤੋਂ ਸੋਚੀਏ ਤਾਂ ਸਾਡੇ ਚੇਤਨ ਜਾਂ ਅਵਚੇਤਨ ਤੌਰ 'ਤੇ ਕੀਤੇ ਕੰਮਾਂ ਪਿੱਛੇ ਸਾਡਾ ਅਵਚੇਤਨ ਹੀ ਕੰਮ ਕਰਦਾ ਹੈ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਸ ਸਕੀਮ ਨਾਲ ਵਿਦਿਆਰਥੀਆਂ ਦੀ ਅੰਗਰੇਜ਼ੀ ਦਾ ਗਿਆਨ ਸੁਧਰੇਗਾ ਤੇ ਉਹ ਆਈਲੈੱਟਸ (ਇੰਟਰਨੈਸ਼ਨਲ ਇੰਗਲਿਸ਼ ਲੈਂਗੂਏਜ਼ ਟੈਸਟਿੰਗ ਸਿਸਟਮ) ਵਿਚ ਚੰਗੇ ਬੈਂਡ ਪ੍ਰਾਪਤ ਕਰ ਸਕਣਗੇ।

ਅਸਲੀਅਤ ਇਹ ਹੈ ਕਿ ਪੰਜਾਬ ਵਿਚ ਰੁਜ਼ਗਾਰ ਦੇ ਜੋ ਮੌਕੇ ਪੈਦਾ ਕੀਤੇ ਗਏ ਹਨ ਉਹ ਨਾਕਾਫ਼ੀ ਹਨ, ਵਾਅਦਿਆਂ ਦੇ ਨੇੜੇ ਤੇੜੇ ਵੀ ਨਹੀਂ। ਪੰਜਾਬ ਵਿਚ ਸਨਅਤਾਂ ਲਾਉਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ, ਸਹਿਮਤੀ ਪੱਤਰਾਂ 'ਤੇ ਦਸਤਖ਼ਤ ਹੋਏ ਪਰ ਅਮਲੀ ਤੌਰ 'ਤੇ ਕੁਝ ਜ਼ਿਆਦਾ ਨਹੀਂ ਹੋਇਆ। ਵਿੱਦਿਅਕ ਢਾਂਚੇ ਨੂੰ ਸੁਧਾਰਨ ਲਈ ਜਿਹੜਾ ਬਜਟ ਦੇਣ ਦਾ ਵਾਅਦਾ ਕੀਤਾ ਗਿਆ ਸੀ ਉਹ ਵੀ ਪੂਰਾ ਨਹੀਂ ਹੋਇਆ। ਸਗੋਂ ਅਧਿਆਪਕਾਂ ਨੂੰ ਪੱਕੇ ਹੋਣ ਲਈ ਤਨਖ਼ਾਹ ਘਟਾਉਣ ਲਈ ਸਹਿਮਤ ਹੋਣ ਲਈ ਕਿਹਾ ਗਿਆ ਹੈ। ਵਿੱਦਿਆ ਦੇ ਪੱਧਰ ਦਾ ਇਹ ਹਾਲ ਹੈ ਕਿ ਪਿੰਡਾਂ ਵਿਚ ਪੜ੍ਹੇ ਹੋਏ ਨੌਜਵਾਨਾਂ ਦੇ ਪਿੜ ਪੱਲੇ ਤਾਂ ਕੁਝ ਵੀ ਨਹੀਂ। ਪੰਜਾਬ ਵਿਚ ਖੁੱਲ੍ਹੇ ਬਹੁਤ ਸਾਰੇ ਇੰਜੀਨੀਅਰਿੰਗ ਕਾਲਜਾਂ ਵਿਚ ਬਹੁਗਿਣਤੀ ਵਿਚ ਸੀਟਾਂ ਖਾਲੀ ਰਹਿ ਗਈਆਂ ਹਨ ਤੇ ਕਈ ਕਾਲਜ ਬੰਦ ਹੋ ਗਏ ਹਨ ਜਾਂ ਬੰਦ ਹੋਣ ਦੀ ਕਗਾਰ 'ਤੇ ਹਨ। ਦੂਸਰੇ ਪਾਸੇ ਆਮ ਕਾਰਵਿਹਾਰ ਅਤੇ ਪ੍ਰਸ਼ਾਸਨ ਵਿਚ ਰਿਸ਼ਵਤ, ਕੁਨਬਾਪ੍ਰਸਤੀ, ਗਲੀ ਮੁਹੱਲਿਆਂ ਵਿਚ ਗੁੰਡਾਗਰਦੀ, ਪ੍ਰਸ਼ਾਸਨ ਦਾ ਬੇਵਾਸਤਾ ਅਤੇ ਉਦਾਸੀਨਤਾ ਵਾਲਾ ਵਿਵਹਾਰ ਅਤੇ ਪੁਲੀਸ ਦਾ ਅਮਾਨਵੀ ਤੇ ਕਈ ਵਾਰ ਤਸ਼ੱਦਦੀ ਰੂਪ ਮਾਪਿਆਂ ਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਪੰਜਾਬ ਵਿਚ ਉਨ੍ਹਾਂ ਦੇ ਬੱਚਿਆਂ ਦਾ ਕੋਈ ਭਵਿੱਖ ਨਹੀਂ ਹੈ। ਮਾਪੇ ਇਹ ਗੱਲ ਆਮ ਕਰਦੇ ਹਨ ਕਿ ਅਸੀਂ ਤਾਂ ਜਿੱਦਾਂ ਕਿੱਦਾਂ ਇਸ ਭ੍ਰਿਸ਼ਟ ਸਮਾਜ ਅਤੇ ਰਾਜ-ਪ੍ਰਬੰਧ ਵਿਚ ਗੁਜ਼ਾਰਾ ਕਰ ਲਿਆ ਪਰ ਸਾਡੇ ਧੀਆਂ-ਪੁੱਤਰਾਂ ਦਾ ਗੁਜ਼ਾਰਾ ਇੱਥੇ ਨਹੀਂ ਹੋਣਾ। ਇਸ ਆਪੋਧਾਪੀ ਦੇ ਸ਼ਿਕਾਰ ਹੋਏ ਨੌਜਵਾਨ ਵਿਦੇਸ਼ਾਂ ਵਿਚ ਜਾਣਾ ਲੋਚਦੇ ਹਨ ਅਤੇ ਮਾਂ-ਪਿਓ ਵੀ ਉਨ੍ਹਾਂ ਨੂੰ ਘੱਲਣ ਲਈ ਕਾਹਲੇ ਹਨ। ਵਿਆਹਾਂ ਲਈ ਦਿੱਤੇ ਜਾਂਦੇ ਇਸ਼ਤਿਹਾਰਾਂ ਵਿਚ ਕਿਹਾ ਜਾ ਰਿਹਾ ਹੈ ਕਿ ਜੇ ਲੜਕੀ ਦੇ ਆਈਲੈੱਟਸ ਸਕੋਰ ਛੇ ਤੋਂ ਵੱਧ ਹੋਣ ਤਾਂ ਵਿਆਹ ਦਾ ਖਰਚ ਵੀ ਮੁੰਡੇ ਦੇ ਪਰਿਵਾਰ ਵੱਲੋਂ ਕੀਤਾ ਜਾਏਗਾ। ਇਸ ਤਰ੍ਹਾਂ ਨੌਜਵਾਨ ਲਗਾਤਾਰ ਬੇਚੈਨਗੀ ਤੇ ਬੇਗਾਨਗੀ ਦੇ ਮਾਹੌਲ ਵਿਚੋਂ ਗੁਜ਼ਰ ਰਹੇ ਹਨ। ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਖ਼ੁਦ ਕਿਹਾ ਸੀ, "ਅੱਜ ਪੰਜਾਬ ਇਤਿਹਾਸ ਦੇ ਸਭ ਤੋਂ ਮਾੜੇ ਦੌਰ ਵਿਚੋਂ ਗੁਜ਼ਰ ਰਿਹਾ ਹੈ।" ਤੀਹ ਕੁ ਸਾਲ ਪਹਿਲਾਂ ਪੰਜਾਬੀ ਸ਼ਾਇਰ ਤੇ ਦਾਨਿਸ਼ਵਰ ਅਮਰਜੀਤ ਚੰਦਨ ਨੇ ਪੰਜਾਬ ਦੇ ਲੈਂਡਸਕੇਪ ਨੂੰ "ਹਿੰਸਕ, ਸਪਾਟ, ਕੋਝਾ, ਕਲੇਸ਼ ਭਰਿਆ ਤੇ ਪ੍ਰੀਤ ਵਿਹੂਣਾ" ਕਿਹਾ ਸੀ। ਹੁਣ ਵਾਲਾ ਲੈਂਡਸਕੇਪ ਉਸ ਤੋਂ ਵੀ ਡਰਾਵਣਾ ਹੈ। ਪੰਜਾਬ ਸਰਕਾਰ ਵੱਲੋਂ ਆਈਲੈੱਟਸ ਦਾ ਆਪਣਾ ਪ੍ਰੋਗਰਾਮ ਸ਼ੁਰੂ ਕਰਨਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸਰਕਾਰ ਸਿੱਧੇ/ਅਸਿੱਧੇ ਰੂਪ ਵਿਚ ਇਹ ਸਵੀਕਾਰ ਕਰ ਚੁੱਕੀ ਹੈ ਕਿ ਪੰਜਾਬ ਦੇ ਲੋਕਾਂ ਦਾ ਭਵਿੱਖ ਪਰਵਾਸ ਵਿਚ ਹੀ ਪਿਆ ਹੈ। ਇਸ ਤੋਂ ਪਹਿਲਾਂ ਵਾਲੀ ਸਰਕਾਰ ਨੇ ਵੀ 2014 ਵਿਚ ਕੁਝ ਅਧਿਆਪਕਾਂ ਨੂੰ ਆਈਲੈੱਟਸ ਦੀ ਕੋਚਿੰਗ ਲੈਣ ਲਈ ਕੈਨੇਡਾ ਭੇਜਿਆ ਸੀ ਤੇ ਹੁਣ ਉਹ ਹੋਰ ਅਧਿਆਪਕਾਂ ਨੂੰ ਸਿਖਲਾਈ ਦੇਣਗੇ ਕਿ ਉਹ ਵਿਦਿਆਰਥੀਆਂ ਨੂੰ ਨਵੇਂ ਪ੍ਰੋਗਰਾਮ ਰਾਹੀਂ ਸਿੱਖਿਆ ਕਿਵੇਂ ਦੇਣ। ਇਸ ਤਰ੍ਹਾਂ ਪੰਜਾਬ ਦੀਆਂ ਦੋਵੇਂ ਮੁੱਖ ਸਿਆਸੀ ਪਾਰਟੀਆਂ ਦੀ ਸਿੱਧੇ/ਅਸਿੱਧੇ ਤੌਰ 'ਤੇ ਸਹਿਮਤੀ ਹੈ ਕਿ ਪੰਜਾਬ ਦੇ ਨੌਜਵਾਨਾਂ ਦੀ ਜ਼ਿੰਦਗੀ ਦੀ ਤਰੱਕੀ ਕਰਨ ਦਾ ਰਾਹ ਸਿਰਫ਼ ਵਿਦੇਸ਼ਾਂ ਵਿਚ ਜਾ ਕੇ ਕਮਾਈ ਕਰਨਾ ਰਹਿ ਗਿਆ ਹੈ। ਸਿਆਸੀ ਜਮਾਤਾਂ ਕਈ ਵਾਰੀ ਪਰਵਾਸ ਦੀ ਇਸ ਲੋਚਾ ਨੂੰ ਪੰਜਾਬੀ ਬੰਦੇ ਦੀ ਨਵੇਂ ਕੰਮ ਕਰਨ ਦੀ ਊਰਜਾ ਨਾਲ ਜੋੜ ਕੇ ਵੇਖਦੀਆਂ ਹਨ। ਪਰ ਆਪਣੀ ਚੋਣ ਰਾਹੀਂ ਕੀਤਾ ਗਿਆ ਪਰਵਾਸ ਤੇ ਲਾਚਾਰੀ ਵਿਚ ਕੀਤੇ ਗਏ ਪਰਵਾਸ ਵਿਚ ਬਹੁਤ ਫ਼ਰਕ ਹੁੰਦਾ ਹੈ। ਅੱਜ ਪੰਜਾਬੀ ਨੌਜਵਾਨ ਇਸ ਲਈ ਪਰਵਾਸ ਕਰ ਰਿਹਾ ਹੈ ਕਿ ਏਥੇ ਉਹਦੇ ਜੀਣ ਥੀਣ ਦੇ ਰਾਹ ਬਿਲਕੁਲ ਸੁੰਗੜ ਚੁੱਕੇ ਹਨ। 20ਵੀਂ ਸਦੀ ਦੀ ਸ਼ੁਰੂਆਤ ਵਿਚ ਜਦ ਪੰਜਾਬੀਆਂ ਨੇ ਕੈਨੇਡਾ ਤੇ ਅਮਰੀਕਾ ਵੱਲ ਪਰਵਾਸ ਕੀਤਾ ਤਾਂ ਉਨ੍ਹਾਂ ਨੂੰ ਸਮਝ ਪਈ ਕਿ ਆਜ਼ਾਦ ਬੰਦੇ ਤੇ ਗ਼ੁਲਾਮ ਬੰਦੇ ਦੀ ਹੈਸੀਅਤ ਵਿਚ ਕੀ ਫ਼ਰਕ ਹੁੰਦਾ ਹੈ ਤੇ ਉਸ ਦੀ ਇਸ ਆਤਮ-ਸਮਝ ਦੀਆਂ ਗੂੰਜਾਂ ਪੰਜਾਬ ਨੇ ਗ਼ਦਰ ਪਾਰਟੀ ਦੇ ਰੂਪ ਵਿਚ ਸੁਣੀਆਂ। ਹੁਣ ਇਹੋ ਜਿਹੀ ਕੋਈ ਗੂੰਜ ਸੁਣਾਈ ਨਹੀਂ ਦਿੰਦੀ। ਸਥਿਤੀ ਆਸਹੀਣੀ ਹੈ ਅਤੇ ਲੋਕਾਂ ਨੂੰ ਲੱਗਦਾ ਹੈ ਕਿ ਏਥੇ ਹਜ਼ਾਰ ਤਰ੍ਹਾਂ ਦੀਆਂ ਜ਼ਿੱਲਤਾਂ ਦਾ ਸਾਹਮਣਾ ਕਰਨਾ ਪੈਣਾ ਹੈ ਅਤੇ ਏਥੇ ਆਦਰਯੋਗ ਜੀਵਨ ਜਿਊਣਾ ਸੰਭਵ ਨਹੀਂ। ਡੇਢ ਲੱਖ ਬੱਚਿਆਂ ਦੇ ਬਾਹਰ ਪੜ੍ਹਨ ਜਾਣ ਦਾ ਮਤਲਬ ਇਹ ਹੈ ਕਿ ਪੰਜਾਬ ਦੇ ਡੇਢ ਲੱਖ ਪਰਿਵਾਰ ਉਨ੍ਹਾਂ ਦੀ ਪੜ੍ਹਾਈ ਲਈ ਅਗਲੇ ਤਿੰਨ ਸਾਲਾਂ ਲਈ ਪੈਸੇ ਦਾ ਪ੍ਰਬੰਧ ਕਰਨਗੇ ਜੋ ਫੀਸਾਂ ਅਤੇ ਰਹਿਣ-ਸਹਿਣ ਲਈ ਹੋਣ ਵਾਲੇ ਖਰਚਿਆਂ ਵਜੋਂ ਵਿਦੇਸ਼ਾਂ ਵਿਚ ਜਾਏਗਾ। ਉਹ ਇਹ ਪ੍ਰਬੰਧ ਕਿੱਦਾਂ ਕਰਨਗੇ? ਆਪਣੇ ਵਸੀਲਿਆਂ ਰਾਹੀਂ, ਕਰਜ਼ੇ ਲੈ ਕੇ ਜਾਂ ਜ਼ਮੀਨ ਵੇਚ ਕੇ। ਮੁੱਕਦੀ ਗੱਲ, ਪੰਜਾਬ ਦੇ ਡੇਢ ਲੱਖ ਪਰਿਵਾਰਾਂ ਵੱਲੋਂ ਕੀਤੀ ਗਈ ਮਿਹਨਤ ਮੁਸ਼ੱਕਤ ਦਾ ਪੈਸਾ ਕੈਨੇਡਾ ਤੇ ਹੋਰ ਦੇਸ਼ਾਂ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵਰਤਿਆ ਜਾਏਗਾ। ਵਿਦਵਾਨਾਂ ਦੀ ਰਾਏ ਹੈ ਕਿ ਅਗਲੇ ਸਾਲ ਇਹ ਗਿਣਤੀ ਹੋਰ ਵਧੇਗੀ ਤੇ ਇਸ ਤਰ੍ਹਾਂ ਲੱਖਾਂ ਪੰਜਾਬੀ ਪਰਿਵਾਰ ਆਪਣੇ ਪੇਟ ਕੱਟ ਕੇ ਵਿਕਸਿਤ ਦੇਸ਼ਾਂ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਦੀ ਮਜਬੂਰੀ ਵਿਚ ਪਿਸਣਗੇ। ਦੂਸਰੇ ਪਾਸੇ ਸਰਕਾਰੀ ਨੀਤੀਆਂ, ਮੰਤਰੀਆਂ ਅਤੇ ਅਧਿਕਾਰੀਆਂ ਦੇ ਰਵੱਈਏ ਵਿਚ ਉਹ ਪਹਿਲਕਦਮੀ ਨਜ਼ਰ ਨਹੀਂ ਆਉਂਦੀ ਜਿਸ ਤੋਂ ਲੱਗਦਾ ਹੋਵੇ ਕਿ ਉਹ ਪੰਜਾਬ ਦੇ ਭਵਿੱਖ ਪ੍ਰਤੀ ਚਿੰਤਤ ਹਨ ਅਤੇ ਉਨ੍ਹਾਂ ਦੀ ਪੰਜਾਬ ਪ੍ਰਤੀ ਪ੍ਰਤੀਬੱਧਤਾ ਡੂੰਘੀ ਤੇ ਲੋਕਾਂ ਦੇ ਦੁੱਖਾਂ ਦਾ ਨਿਵਾਰਨ ਕਰਨ ਵਾਲੀ ਹੈ। ਇਹ ਸਭ ਕੁਝ ਪੰਜਾਬੀਆਂ ਅੰਦਰ ਪੰਜਾਬ ਪ੍ਰਤੀ ਇਕ ਤਰ੍ਹਾਂ ਦੀ ਸਨਕੀ ਭਾਵਨਾ ਪੈਦਾ ਕਰ ਰਿਹਾ ਹੈ। ਪੰਜਾਬ ਨੂੰ ਗੁਰੂਆਂ-ਪੀਰਾਂ ਦੀ ਧਰਤੀ ਕਹਿ ਕੇ ਵਡਿਆਉਣਾ ਸਿਰਫ਼ ਭਾਈਚਾਰੇ ਵਿਚ ਬਹਿ ਕੇ ਕਰਨ ਵਾਲੀਆਂ ਗੱਲਾਂ ਹੋ ਗਈਆਂ ਹਨ ਜਦੋਂਕਿ ਹਰ ਕੋਈ ਪੰਜਾਬ ਨੂੰ ਛੱਡ ਕੇ ਬਾਹਰ ਚਲੇ ਜਾਣ ਲਈ ਕਾਹਲਾ ਹੈ। ਇਸ ਵਿਚ ਨਿਮਨ ਤੇ ਮੱਧ ਵਰਗ ਦੇ ਲੋਕਾਂ ਦੇ ਬੱਚੇ ਹੀ ਨਹੀਂ ਸਗੋਂ ਸਮਾਜ ਦੇ ਉੱਚ ਵਰਗ ਦੇ ਲੋਕਾਂ ਨਾਲ ਸਬੰਧਿਤ ਵਰਗਾਂ ਦੇ ਬੱਚੇ ਵੀ ਸ਼ਾਮਲ ਹਨ। ਪੰਜਾਬ ਦੇ ਭਵਿੱਖ ਪ੍ਰਤੀ ਪੰਜਾਬੀਆਂ ਦੀ ਇਹ ਬੇਵਿਸਾਹੀ ਬੜੀ ਚਿੰਤਾ ਤੇ ਫ਼ਿਕਰ ਵਾਲਾ ਵਿਸ਼ਾ ਹੈ। ਪੰਜਾਬੀ ਨੌਜਵਾਨ ਇਹੋ ਜਿਹੀ ਸਥਿਤੀ ਵਿਚ ਨਹੀਂ ਕਿ ਉਹ ਮੌਜੂਦਾ ਸਥਿਤੀਆਂ ਦੇ ਵਿਰੁੱਧ ਕੋਈ ਸੰਘਰਸ਼ ਕਰ ਸਕਣ। ਉਹ ਆਪਣੇ ਮਾਪਿਆਂ ਦੇ ਸਿਰ ਚੜ੍ਹੇ ਕਰਜ਼ਿਆਂ ਤੇ ਆਪਣੀ ਆਤਮ ਪੀੜਾ ਦੇ ਦੌਰ 'ਚੋਂ ਗੁਜ਼ਰ ਰਹੇ ਹਨ। ਉਨ੍ਹਾਂ ਦੀ ਸੋਚ-ਸਮਝ ਦੇ ਪਸਾਰ ਪੰਜਾਬ ਨੂੰ ਅਗਾਂਹ ਲਿਜਾਣ ਵੱਲ ਨਹੀਂ ਸਗੋਂ ਪੰਜਾਬ ਤੋਂ ਦੂਰ ਭੱਜਣ ਵਾਲੇ ਹਨ।



# ਦਾਨ ਕਿੱਥੇ ਕਰੀਏ, ਵੱਡਾ ਸੁਆਲ ..

## ਆਓ ਸਾਰੇ ਸਹੀ ਜਗ੍ਹਾ ਦਾਨ-ਪੁੰਨ ਕਰਨ ਦੀ ਪਿਰਤ ਪਾਈਏ

– ਹਰ ਇਨਸਾਨ ਨੂੰ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਦਾਨ ਕਰਨ ਦੀ ਵੱਡੀ ਲੋੜ ਹੁੰਦੀ ਹੈ ਤੇ ਦਾਨ ਕਰਨਾ ਵੀ ਚਾਹੀਦਾ ਹੈ । ਦਾਨ ਸਹੀ ਜਗ੍ਹਾ ਕੀਤਾ ਹੋਇਆ ਫਲ ਦਾ ਤੇ ਫੁੱਲਦਾ ਹੈ । ਅੱਜ ਦੇ ਸਮੇਂ ਸਾਡੇ ਸਮਾਜ ਅੰਦਰ ਬਹੁਤ ਸਾਰੇ ਮੁੱਦੇ ਦੈਤ ਵਾਗ ਮੂੰਹ ਅੱਡੀ ਖੜੇ ਹਨ । ਕਿਸੇ ਵੀ ਇਨਸਾਨ ਦੀ ਕੁਝ ਵਿੱਚ ਸਮਝ ਨਹੀਂ ਪੈਂਦਾ ਕਿ ਕੀ ਕੀਤਾ ਜਾਵੇ ਬਹੁਤ ਸਾਰੇ ਮਾਮਲੇ ਗਰੀਬੀ ਦੇ ਨਾਲ ਜੁੜੇ ਹਨ ਅਤੇ ਹਰ ਖੇਤਰ ਦੇ ਵਿੱਚ ਆਇਆ ਨਿਘਾਰ ਇਥੋਂ ਦੇ ਵਾਸੀਆਂ ਨੂੰ ਆਪਣੇ ਕਲਾਵੇ ਦੇ ਵਿੱਚ ਲਪੇਟਾ ਮਾਰ ਕੇ ਦਲਦਲ ਦੇ ਵਿੱਚ ਧੱਕ ਰਿਹਾ ਪ੍ਰਤੀਤ ਹੁੰਦਾ ਹੈ । ਸਮਾਜ ਅੰਦਰ ਮੁੱਦੇ ਭਾਵੇਂ ਬਹੁਤ ਹਨ ਪਰ ਕੁਝ ਮੁੱਦੇ ਜਰੂਰੀ ਹਨ ਜਿਨਾਂ ਤੇ ਧਿਆਨ ਮਾਰਨਾ ਅਤੇ ਉਹਨਾਂ ਦੀ ਪੜਚੋਲ ਕਰਨਾ ਸਾਡਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਉਹਨਾਂ ਤੇ ਨਿਗਾਸ਼ਾਨੀ ਕਰਕੇ ਉਸ ਸਬੰਧੀ ਕੁਝ ਸੁਝਾਅ ਕਰਕੇ ਲਿਖਤ ਨੂੰ ਜਨਤਾ ਦੇ ਰੂਬਰੂ ਕਰਨ ਦਾ ਯਤਨ ਕਰ ਸਕੀਏ ਅੱਜ ਗੱਲ ਕਰਾਂਗੇ ਦਾਨ ਕਿੱਥੇ ਕਰੀਏ ਇਸ ਮੁੱਦੇ ਨੂੰ ਲੈ ਕੇ ਚਰਚਾ ਕਰਨ ਦਾ ਖਿਆਲ ਮਨ ਵਿੱਚ ਆ ਰਿਹਾ ਸੀ ਕਿਉਂਕਿ ਪਿਛਲੇ ਸਮੇਂ ਤੋਂ ਇਹ ਮੁੱਦਾ ਬੇਹੱਦ ਅਹਿਮ ਤੇ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਦਾਨ ਕਰਨ ਨੂੰ ਲੈ ਕੇ ਸਮਾਜ ਸੇਵੀ ਲੋਕਾਂ ਅੰਦਰ ਵੀ ਗੰਭੀਰ ਮਸਲਾ ਖੜਾ ਹੋਇਆ ਰਿਹਾ ਹੈ ।

ਜੇਕਰ ਸਮਾਜ ਅੰਦਰ ਸਾਰੇ ਲੋਕ ਸਹੀ ਢੰਗ ਤਰੀਕਿਆਂ ਨਾਲ ਦਾਨਪੁੰਨ ਦੀ ਅਸਲ ਪਰਿਭਾਸ਼ਾ ਨੂੰ ਸਮਝ ਕੇ ਗਰੀਬ ਗੁਰਬੇ ਦੀ ਮਦਦ ਕਰਨ ਤਾਂ ਕੋਈ ਵੀ ਮਸਲਾ ਸੁਲਝਣ ਤੋਂ ਬਿਨਾਂ ਰਹੇ ਨਹੀਂ ਸਕਦਾ । ਅੱਜ ਬਹੁਤ ਸਾਰੇ ਲੋਕ ਇਸ ਦੁਚਿੱਤੀ ਵਿੱਚ ਹਨ ਕਿ ਦਾਨ ਕਿੱਥੇ ਕੀਤਾ ਜਾਵੇ । ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀਆਂ ਦਾ ਜਿਕਰ ਹਾਲ ਵੇਖੀਏ ਤਾਂ ਕਾਲ ਜਾਂ ਮੂੰਹ ਨੂੰ ਆਉਂਦਾ ਹੈ । ਸਕੂਲਾਂ ਦੇ ਵਿੱਚ ਬਹੁਤ ਸਾਰੇ ਬੱਚੇ ਪੜ ਤੋਂ ਵੀ ਵਾਂਝੇ ਰਹਿ ਜਾਂਦੇ ਹਨ ਠੰਡ ਦਾ ਮੌਸਮ ਹੈ ਬਿਨਾਂ ਕੱਪੜਿਆਂ ਤੋਂ ਠੰਡ ਵਿੱਚ ਠੋਰੂ ਠੂਰੂ ਕਰਦੇ ਜਵਾਕ ਸਰਕਾਰ ਦੇ ਮੂੰਹ ਤੇ ਤਮਾਚਾ ਮਾਰਦੇ ਹਨ ਉਸ ਤੋਂ ਬਾਅਦ ਬਹੁਤ ਸਾਰੇ ਖੇਤਰ ਅਜਿਹੇ ਹਨ ਜਿੱਥੇ ਲੋੜਵੰਦ ਅਤੇ ਗਰੀਬ ਲੋਕਾਂ ਦਾ ਹੀ ਵਾਹ ਨਹੀਂ ਚੱਲਦੀ। ਸਕੂਲਾਂ ਦੇ ਵਿੱਚ ਇਮਾਰਤਾਂ ਡਿੱਗ ਰਹੀਆਂ ਹਨ ਪਰ ਸਾਡੀ ਦਾਨ ਦੇਣ ਦੀ ਸਮਝ ਸਮਝ ਵਿੱਚ ਨਹੀਂ ਆ ਰਹੀ ਕਿ ਅਸੀਂ ਦਾਨ ਕਿੱਥੇ ਦੇਣਾ ਹੈ ਬਹੁਤ ਸਾਰੇ ਅਮੀਰ ਲੋਕ ਇਸ ਵਿੱਚ ਪੱਖਪਾਤ ਕਰਦੇ ਹਨ ।



ਸਕੂਲ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਬੱਚੇ ਹਰ ਸਾਲ ਫੀਸ ਪੜ ਤੋਂ ਵਾਂਝੇ ਰਹਿੰਦਿਆਂ ਚੰਗੀਆਂ ਡਿਗਰੀਆਂ ਤੇ ਕੋਰਸ ਕਰਨ ਤੋਂ ਪਿੱਛੇ ਰਹਿ ਜਾਂਦੇ ਹਨ ਉੱਥੇ ਵੀ ਦਾਨ ਦੇਣਾ ਬਣਦਾ ਹੈ । ਠੰਡ ਦੇ ਮੌਸਮ ਵਿੱਚ ਕਿਸੇ ਗਰੀਬ ਗੁਰਬੇ ਨੂੰ ਕੱਪੜੇ ਪਹਿਨਾ ਦੇਣੇ ਵੀ ਚੰਗਾ ਦਾਨ ਹੈ । ਉਸ ਤੋਂ ਇਲਾਵਾ ਹਸਪਤਾਲਾਂ ਦੇ ਵਿੱਚ ਬੈਡ ਉੱਤੇ ਗਰੀਬ ਲੋਕ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ । ਉੱਥੇ ਵੀ ਦਾਨ ਦਿੱਤਾ ਜਾਵੇ ਤਾਂ ਚੰਗੀ ਗੱਲ ਹੈ । ਪਰ ਹੈਰਾਨੀ ਹੁੰਦੀ ਹੈ ਕਿ ਇਹਨਾਂ ਗੱਲਾਂ ਦੀ ਬਜਾਏ ਜੇਕਰ ਅਸੀਂ ਲੋੜਵੰਦਾਂ ਦੀ ਬਜਾਏ ਜੇਕਰ ਅਸੀਂ ਵੱਡੇ ਪੱਧਰ ਤੇ ਅਮੀਰ ਲੋਕਾਂ ਦੇ ਹੱਥ ਵਿੱਚ ਦਾਨ ਦਿੰਦੇ ਹਾਂ ਤਾਂ ਉਹ ਦਾਨ ਸਹੀ ਜਾ ਰਿਹਾ ਹੈ ਜਾਂ ਨਹੀਂ ਇਸ ਦੀ ਵੀ ਕੋਈ ਗਰੰਟੀ ਨਹੀਂ ਹੁੰਦੀ । ਉਸ ਤੋਂ ਬਾਅਦ ਜੇਕਰ ਗੱਲ ਕਰੀਏ ਹਸਪਤਾਲਾਂ ਅੰਦਰ ਦਾਨ ਦੇਣ ਦੀ ਤਾਂ ਉੱਥੇ ਵੀ ਵੇਖ ਕੇ ਦਾਨ ਦੇਣ ਦੀ ਲੋੜ ਹੁੰਦੀ ਹੈ । ਹਸਪਤਾਲਾਂ ਅੰਦਰ ਗਰੀਬ ਲੋਕਾਂ ਨੂੰ ਜੇਕਰ ਆਪਣੇ ਹੱਥ ਨਾਲ ਦਾਨ ਦਿੱਤਾ ਜਾਵੇ ਤਾਂ ਚੰਗਾ ਹੈ ।

ਸਾਹਿਤ ਦੇ ਖੇਤਰ ਅੰਦਰ ਵੀ ਦਾਨ ਦੇਣ ਦੀ ਪਿਰਤ ਬਹੁਤ ਪੁਰਾਣੀ ਅਤੇ ਲੰਬੀ ਹੈ । ਪਰ ਜੇਕਰ ਅਸੀਂ ਸਹਿਤ ਦੇ ਖੇਤਰ ਵਿੱਚ ਦਾਨ ਦੇਣਾ ਹੈ ਤਾਂ ਉੱਥੇ ਵੀ ਸਾਨੂੰ ਕਿਸੇ ਚੰਗੇ ਬੰਦੇ ਰਾਹੀਂ ਦਾਨ ਦੇਣ ਦੀ ਲੋੜ ਹੁੰਦੀ ਹੈ । ਕਿਉਂਕਿ ਅੱਜ ਬਹੁਤ ਸਾਰੇ ਖੇਤਰਾਂ ਅੰਦਰ ਕਈ ਸਮਾਜ ਸੇਵੀ ਸੰਸਥਾਵਾਂ ਅਤੇ ਵਿਅਕਤੀਆਂ ਵੱਲੋਂ ਆਪਣੇ ਪੱਧਰ ਤੇ ਹੀ ਦਾਨ ਇਕੱਠਾ ਕਰਕੇ ਉਸ ਵਿੱਚੋਂ ਵੱਡਾ ਹਿੱਸਾ ਹੜੱਪ ਕਰ ਲਿਆ ਜਾਂਦਾ ਹੈ ਜੋ ਇੱਕ ਬੇਹਦ ਗਲਤ ਵਰਤਾਰਾ ਹੈ । ਬਹੁਤ ਸਾਰੇ ਸੱਜਣਾਂ ਵੱਲੋਂ ਬਾਹਰਲੇ ਲੋਕਾਂ ਤੋਂ ਪੈਸਾ ਮੰਗਾ ਕੇ ਖੜੱਪ ਕਰਨ ਦੀ ਪਿਰਤ ਵੀ ਕੋਈ ਨਵੀਂ ਨਹੀਂ ਹੈ ਇਸ ਖੇਤਰ ਦੇ ਵਿੱਚ ਵੀ ਵੱਡੇ ਪੱਧਰ ਤੇ ਨਿਘਾਰ ਆ ਚੁੱਕਿਆ ਹੈ । ਇੱਥੇ ਇਸ ਗੱਲ ਦਾ ਜ਼ਿਕਰ ਵੀ ਕਰਨਾ ਚਾਹਾਂ ਕਿ ਦਾਨ ਦੇਣ ਵਾਲੇ ਲੋਕ ਅੱਜ ਡਰ ਬਹੁਤ ਰਹੇ ਹਨ ਕਿਉਂਕਿ ਉਹਨਾਂ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਉਹਨਾਂ ਵੱਲੋਂ ਦਿੱਤਾ ਜਾ ਰਿਹਾ ਦਾਨ ਸਹੀ ਦਿਸ਼ਾ ਵਿੱਚ ਜਾ ਰਿਹਾ ਹੈ ਜਾ ਨਹੀਂ ।

ਜੇਕਰ ਅਸੀਂ ਗੁਰਦੁਆਰਾ ਸਾਹਿਬਾਨਾ ਅੰਦਰ ਦਾਨ ਦੇਣਾ ਹੈ ਤਾਂ ਸਭ ਤੋਂ ਪਹਿਲਾਂ ਗ੍ਰੰਥੀ ਦੇ ਪਰਿਵਾਰ ਦੀ ਸੇਵਾ ਕਰੀਏ । ਗ੍ਰੰਥੀ ਦੇ ਬੱਚਿਆਂ ਨੂੰ ਪੜਾਉਣ ਦੀ ਗੱਲ ਕਰੀਏ । ਸਕੂਲਾਂ ਦੇ ਵਿੱਚ ਜਾ ਕੇ ਉੱਥੇ ਫੀਸਾਂ ਖੁਣੋਂ ਪੜ੍ਹਾਈ ਤੋਂ ਵਾਂਝੇ ਰਹਿ ਰਹੇ ਬੱਚਿਆਂ ਦੀ ਗੱਲ ਕਰੀਏ । ਸਾਹਿਤ ਦੇ ਖੇਤਰ ਅੰਦਰ ਜੇਕਰ ਅਸੀਂ ਦਾਨ ਦੇਣਾ ਹੈ ਤਾਂ ਚੰਗੀਆਂ ਕਿਤਾਬਾਂ ਦੇ ਨਾਲ ਜੁੜ ਕੇ ਉੱਤੇ ਪੈਸਾ ਖਰਚ ਕੀਤਾ ਜਾਵੇ । ਕਵੀਸ਼ਰੀ ਕਲਾ ਖੇਤਰ ਦੇ ਅੰਦਰ ਪੈਸਾ ਖਰਚ ਕਰਨ ਦੀ ਵੱਡੀ ਲੋੜ ਹੈ । ਢਾਡੀ ਕਲਾ ਦੇ ਅੰਦਰ ਪੈਸਾ ਖਰਚ ਕਰਕੇ ਧਰਮ ਦੇ ਖੇਤਰ ਅੰਦਰ ਚੰਗਾ ਕਾਰਜ ਕੀਤਾ ਜਾ ਸਕਦਾ ਹੈ । ਲੋੜਵੰਦ ਵਿਅਕਤੀਆਂ ਨੂੰ ਕੱਪੜੇ ਅਤੇ ਦਵਾਈਆਂ ਦੇ ਕੇ ਪੈਸਾ ਖਰਚ ਕੀਤਾ ਜਾ ਸਕਦਾ ਹੈ । ਗੁਰੂ ਘਰਾਂ ਦੇ ਵਜ਼ੀਰਾਂ ਅਤੇ ਗ੍ਰੰਥੀਆਂ ਦੇ ਪਰਿਵਾਰਾਂ ਨੂੰ ਸਾਂਭ ਕੇ ਪੈਸਾ ਖਰਚ ਕੀਤਾ ਜਾ ਸਕਦਾ ਹੈ ਪਰ ਨਾਲ ਦੀ ਨਾਲ ਸਵਾਲ ਇਹ ਵੀ ਵੱਡਾ ਹੈ ਕਿ ਇਹ ਪੈਸਾ ਸਹੀ ਹੱਥਾਂ ਵਿੱਚ ਜਾ ਰਿਹਾ ਹੈ ਜਾਂ ਨਹੀਂ ਇਹ ਗੱਲ ਵੀ ਬਾਚਣੀ ਹਰ ਇਨਸਾਨ ਦਾ ਫਰਜ਼ ਹੁੰਦਾ ਹੈ ।

ਦਾਨ ਦੇਣਾ ਜਰੂਰ ਬਣਦਾ ਹੈ ਅਤੇ ਦੇਣਾ ਵੀ ਚਾਹੀਦਾ ਹੈ ਪਰ ਦਿੱਤਾ ਜਾਵੇ ਸਹੀ ਜਗ੍ਹਾ ਤੇ ਉਹ ਗੱਲ ਹੋਰ ਵੱਡੀ ਹੋ ਨਿਬੜਦੀ ਹੈ । ਜੇਕਰ ਕਿਸੇ ਵੀ ਇਨਸਾਨ ਨੇ ਦਾਨ ਦੇਣਾ ਹੈ ਤਾਂ ਉਸ ਤੋਂ ਪਹਿਲਾਂ ਕਿਸੇ ਵੀ ਬੰਦੇ ਦੀ ਚੋਣ ਕਰਕੇ ਇਹ ਵੇਖਿਆ ਜਾਵੇ ਕਿ ਦਾਨ ਲੈਣ ਵਾਲਾ ਜਾਂ ਕਰਵਾਉਣ ਵਾਲਾ ਵਿਅਕਤੀ ਸਹੀ ਹੈ ਉਸਦਾ ਕਿਰਦਾਰ ਕੀ ਹੈ ਉਹ ਗੱਲ ਵੱਡੇ ਪੱਧਰ ਤੇ ਧਿਆਨ ਮੰਗਦੀ ਹੈ । ਜੇਕਰ ਤੁਹਾਡੇ ਮਨ ਨੂੰ ਸੰਤੁਸ਼ਟੀ ਹੈ ਤਾਂ ਹੀ ਦਾਨ ਕੀਤਾ ਜਾਵੇ ਨਹੀਂ ਤਾਂ ਦਾਨ ਸਹੀ ਹਥਾਂ ਵਿੱਚ ਨਹੀਂ ਜਾ ਰਿਹਾ ਇਹ ਕੋਈ ਗਰੰਟੀ ਨਹੀਂ ਹੈ । ਦਾਨ ਜਰੂਰ ਦਿੱਤਾ ਜਾਵੇ । ਅੱਜ ਸਹਿਤ ਦੇ ਖੇਤਰ ਅੰਦਰ ਵੀ ਦਾਨ ਦੀ ਵੱਡੀ ਲੋੜ ਹੈ । ਗੁਰਦੁਆਰਾ ਸਾਹਿਬ ਦੇ ਗ੍ਰੰਥੀਆਂ ਦੇ ਪਰਿਵਾਰਾਂ ਨੂੰ ਵੀ ਦਾਨ ਦੀ ਵੱਡੀ ਲੋੜ ਹੈ ਹਸਪਤਾਲਾਂ ਅੰਦਰ ਵੀ ਦਾਨ ਕਰਨਾ ਮਨੁੱਖਤਾ ਦਾ ਪਹਿਲਾ ਫਰਜ਼ ਹੈ ਆਓ ਸਾਰੇ ਸੱਚੇ ਮਨੋ ਸਹੀ ਜਗ੍ਹਾ ਤੇ ਦਾਨ ਪੁੰਨ ਕਰਨ ਦੀ ਪਿਰਤ ਦਾ ਹਿੱਸਾ ਬਣੀਏ ।

**ਲੇਖ਼ਕ - ਸਿੰਦਰ ਸਿੰਘ ਮੀਰਪੁਰੀ**
**ਫਰਿਜਨੋ ਕੈਲੀਫੋਰਨੀਆ ਯੂ.ਐਸ.ਏ. 5592850841**

# ਬੁੱਧੀ ਭ੍ਰਿਸ਼ਟ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.)**
**ਪੰਡੋਰੀ ਸਿੱਧਵਾਂ 9501100062**

ਕਈ ਵਾਰ ਚੰਗੇ ਭਲੇ ਆਦਮੀ ਦੀ ਮੱਤ ਮਾਰੀ ਜਾਂਦੀ ਹੈ ਤੇ ਉਹ ਬੈਠੇ ਬਿਠਾਏ ਅਜਿਹਾ ਪੰਗਾ ਲੈ ਬੈਠਦਾ ਹੈ ਕਿਨਾ ਅੱਗੇ ਜੋਗਾ ਰਹਿੰਦਾ ਹੈ ਤੇ ਨਾ ਪਿੱਛੇ ਜੋਗਾ। ਅਜਿਹਾ ਇੱਕ ਵਾਕਿਆ8 – 10 ਸਾਲ ਪਹਿਲਾਂ ਕੈਨੇਡਾ ਵਿਖੇ ਵਾਪਰਿਆ ਸੀ। ਇੱਕ ਵਿਆਹੁਤਾ ਜੋੜੇ ਦੀ ਅਜਿਹੀ ਬੁੱਧੀ ਭ੍ਰਿਸ਼ਟ ਹੋਈ ਕਿ ਉਹ ਆਪਣਾ ਹੱਸਦਾ ਵੱਸਦਾ ਪਰਿਵਾਰ ਤਬਾਹ ਕਰ ਕੇ ਬੈਠ ਗਏ। ਚਰਨਜੀਤ ਤੇ ਉਸ ਦੀ ਪਤਨੀ ਹਰਿੰਦਰ(ਕਾਲਪਨਿਕ ਨਾਮ) ਲੰਡਨ (ਇੰਗਲੈਂਡ) ਵਿਖੇ ਆਪਣੀ 8 - 9 ਸਾਲ ਦੀ ਬੇਟੀਸਮੇਤ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਸਨ।ਚਰਨਜੀਤ ਇੰਜੀਨੀਅਰ ਸੀ ਤੇ ਇੱਕ ਵੱਡੀ ਕੰਪਨੀ ਵਿੱਚ ਚੰਗੇ ਅਹੁਦੇ‘ਤੇਤਾਇਨਾਤ ਸੀ। ਹਰਿੰਦਰ ਸਰਕਾਰੀ ਹਸਪਤਾਲ ਵਿੱਚ ਨਰਸ ਸੀ। ਪੱਛਮੀ ਦੇਸ਼ਾਂ ਵਿੱਚ ਨਰਸਾਂ ਨੂੰ ਮੋਟੀ ਤਨਖਾਹ ਮਿਲਦੀ ਹੈ। ਪਰ ਕਹਿੰਦੇ ਹਨ ਕਿ ਜਦੋਂ ਮਾੜੇ ਦਿਨ ਆਉਣ ਤਾਂ ਊਠ ‘ਤੇ ਚੜ੍ਹੇ ਨੂੰ ਵੀ ਕੁੱਤਾ ਵੱਢ ਜਾਂਦਾ ਹੈ। ਹਰਿੰਦਰ ਦੀ ਵੱਡੀ ਭੈਣ ਨਵਦੀਪ ਵੈਨਕੂਵਰ ਰਹਿੰਦੀ ਸੀ ਤੇ ਉਸ ਦਾ ਪਤੀ ਮਹਾਂ ਨਲਾਇਕ ਤੇ ਵਿਹਲੜ ਕਿਸਮ ਦਾ ਆਦਮੀ ਸੀ।ਉਹ ਟੁੱਟੇ ਡੰਗ ਜੋਥੋੜ੍ਹਾ ਬਹੁਤ ਕਮਾਉਂਦਾ, ਸ਼ਰਾਬ ਅਤੇ ਨਸ਼ਿਆਂ ਵਿੱਚ ਉਡਾ ਦਿੰਦਾ।ਘਰ ਦਾ ਗੁਜ਼ਾਰਾ ਚਲਾਉਣ ਲਈ ਨਵਦੀਪ ਨੇ ਕੁਝ ਸਾਲਾਂ ਤੋਂ ਇੱਕ ਕੁੰਵਾਰਾ ਤੇ ਦੋ ਨੰਬਰ ਵਿੱਚ ਕੈਨੇਡਾ ਆਇਆ ਜੱਸੀ ਨਾਮ ਦਾਪੰਜਾਬੀ ਬੁਆਏ ਫਰੈਂਡ ਇਹ ਲਾਰਾ ਲਾ ਕੇ ਫਸਾਇਆ ਹੋਇਆ ਸੀ ਕਿ ਮੈਂ ਆਪਣੇ ਪਤੀ ਨੂੰ ਤਲਾਕ ਦੇ ਕੇ, ਤੇਰੇ ਨਾਲ ਵਿਆਹ ਕਰਵਾ ਕੇ ਤੈਨੂੰ ਪੱਕਾ ਕਰਵਾ ਦੇਵਾਂਗੀ।

ਜੱਸੀ ਹੁਣ ਨਵਦੀਪ ਦੇ ਲਾਰਿਆਂ ਤੋਂ ਅੱਕਿਆ ਪਿਆ ਸੀ। ਦੋ ਕਿੱਲੇ ਵੇਚ ਕੇ ਜੱਸੀ ਨੂੰ ਕੈਨੇਡਾ ਭੇਜਣ ਵਾਲਾ ਉਸ ਦਾ ਪਿਉਵੀ ਪੈਸਿਆਂ ਦੀਮੰਗ ਕਰਦਾ ਰਹਿੰਦਾ ਸੀ। ਪਰ ਨਵਦੀਪ ਉਸ ਕੋਲ ਕੋਈ ਪੈਸਾ ਛੱਡੇ ਤਾਂ ਉਹ ਇੰਡੀਆ ਭੇਜੇ। ਜੱਸੀ ਨੇ ਨਵਦੀਪ ਨੂੰ ਆਖਰੀ ਚੇਤਾਵਨੀ ਦੇ ਦਿੱਤੀ ਕਿ ਜਾਂ ਤਾਂ ਮੈਨੂੰ ਪੱਕਾ ਕਰਵਾ ਨਹੀਂ ਮੈਂ ਕੋਈ ਹੋਰ ਜੁਗਾੜ ਭਾਲਦਾ ਹਾਂ। ਨਵਦੀਪ ਬਹੁਤ ਹੀ ਸ਼ਾਤਰ ਕਿਸਮ ਦੀ ਔਰਤ ਸੀ। ਉਸ ਨੇ ਸੋਚਿਆ ਕਿ ਜੇ ਹਰਿੰਦਰ ਵੈਨਕੂਵਰ ਆ ਜਾਵੇ ਤਾਂ ਉਸ ਦਾ ਜੱਸੀ ਨਾਲ ਵਿਆਹ ਕਰਵਾ ਕੇ ਇਸ ਮੁਸ਼ਕਿਲ ਦਾ ਹੱਲ ਕੱਢਿਆ ਜਾ ਸਕਦਾ ਹੈ। ਇਸ ਤਰਾਂ ਇੱਕ ਦੀ ਬਜਾਏ ਸੋਨੇ ਦੇ ਅੰਡੇ ਦੇਣ ਵਾਲੀਆਂ ਦੋ ਮੁਰਗੀਆਂ ਕਾਬੂ ਆ ਜਾਣਗੀਆਂ।ਉਸ ਨੇ ਫੋਨ ਰਾਹੀਂ ਹੌਲੀ ਹੌਲੀ ਹਰਿੰਦਰ ਨੂੰ ਗੁੰਮਰਾਹ ਕਰਨਾ ਸ਼ੁਰੂ ਕਰ ਦਿੱਤਾ ਕਿ ਜੇ ਉਹ ਤੇ ਚਰਨਜੀਤ ਵੈਨਕੂਵਰ ਆ ਜਾਣ ਤਾਂ ਉਨ੍ਹਾਂ ਦੀ ਕਿਸਮਤ ਬਦਲ ਜਾਵੇਗੀ। ਇਥੇ ਇੰਜੀਨੀਅਰ ਤੇ ਨਰਸ ਨੂੰ ਇੰਗਲੈਂਡ ਨਾਲੋਂ ਕਈ ਗੁਣਾ ਵੱਧ ਤਨਖਾਹ ਮਿਲਦੀ ਹੈ ਤੇ ਘਰ ਵੀ ਸਸਤੇ ਹਨ। ਪਹਿਲਾਂ ਤਾਂ ਉਹ ਨਾ ਮੰਨੇ ਪਰ ਹੌਲੀ ਹੌਲੀ ਉਨ੍ਹਾਂ ‘ਤੇ ਨਵਦੀਪ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਦਾ ਅਸਰ ਹੋ ਗਿਆ ਤੇ ਉਹ ਆਪਣਾ ਬੋਰੀ ਬਿਸਤਰਾਸਮੇਟ ਕੇ ਵੈਨਕੂਵਰ ਪਹੁੰਚ ਗਏ।

ਪਹਿਲਾਂ ਤਾਂ ਉਨ੍ਹਾਂ ਨੂੰ ਕੁਝ ਮਹੀਨੇ ਨਵਦੀਪ ਨੇ ਆਪਣੇ ਘਰ ਰੱਖਿਆ ਤੇ ਫਿਰ ਨਜ਼ਦੀਕ ਹੀ ਕਿਰਾਏ ‘ਤੇ ਇੱਕ ਮਕਾਨ ਲੈ ਦਿੱਤਾ। ਕਹਾਵਤ ਹੈ ਕਿ ਇੱਕ ਗੰਦੀ ਮਛਲੀ ਸਾਰਾ ਤਲਾਬ ਗੰਦਾ ਕਰ ਦਿੰਦੀ ਹੈ। ਨਵਦੀਪ ਨੇ ਵੀ ਮੋਮੋਠਗਣੀ ਬਣ ਕੇ ਆਪਣੀ ਭੈਣ ਦਾ ਘਰ ਉਜਾੜ ਦਿੱਤਾ ਤੇ ਉਸ ਦੀ ਦੋਸਤੀ ਜੱਸੀ ਨਾਲ ਕਰਵਾ ਦਿੱਤੀ। ਜਦੋਂ ਚਰਨਜੀਤ ਨੂੰ ਪਤਾ ਲੱਗਾ ਤਾਂ ਘਰ ਵਿੱਚ ਲੜਾਈ ਝਗੜਾ ਸ਼ੁਰੂ ਹੋ ਗਿਆਤੇ ਜਲਦੀ ਹੀ ਦੋਵਾਂ ਵਿੱਚ ਤਲਾਕ ਹੋ ਗਿਆ।ਤਲਾਕਨਾਮੇ ਦੇ ਮੁਤਾਬਕ ਬੱਚੀ ਹਰਿੰਦਰ ਕੋਲ ਰਹਿ ਗਈ। ਨਵਦੀਪ ਨੇ ਕੁਝ ਦਿਨਾਂ ਬਾਅਦ ਹੀ ਹਰਿੰਦਰ ਤੇ ਜੱਸੀ ਦਾ ਵਿਆਹ ਕਰਵਾ ਦਿੱਤਾ। ਇਸ ਸਾਰੇ ਘਟਨਾਕ੍ਰਮ ਕਾਰਨ ਚਰਨਜੀਤ ਦਾ ਦਿੱਲ ਟੁੱਟ ਗਿਆ। ਉਸ ਨੇ ਕੈਨੇਡਾ ਵਿੱਚ ਰਹਿਣ ਤੋਂ ਤੌਬਾ ਕਰ ਲਈ ਤੇ ਇੱਕ ਚੰਗੀ ਕੰਪਨੀ ਵਿੱਚ ਨੌਕਰੀ ਹਾਸਲ ਕਰ ਕੇ ਆਸਟਰੇਲੀਆ ਚਲਾ ਗਿਆ। ਕੁਝ ਸਮੇਂ ਬਾਅਦ ਉਸ ਨੇ ਉਥੇ ਹੀ ਵਿਆਹ ਕਰਵਾ ਲਿਆ।

ਮੋਟੇ ਦਿਮਾਗ ਦੇ ਜੱਸੀ ਨੇ ਸਮਝਿਆ ਕਿ ਹੁਣ ਤਾਂ ਮੈਂ ਪੱਕਾ ਹੋ ਹੀ ਜਾਣਾ ਹੈ ਤੇ ਜਲਦੀ ਹੀ ਉਸ ਨੇ ਆਪਣੇ ਅਸਲੀ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਰੋਜ਼ਾਨਾ ਸ਼ਰਾਬ ਨਾਲ ਰੱਜ ਕੇ ਤਾਹਨੇ ਮਿਹਣੇ ਮਾਰਨੇ ਸ਼ੁਰੂ ਕਰ ਦਿੱਤੇ ਕਿ ਮੈਂ ਤਾਂ ਪੱਕਾ ਹੋਣ ਦੇ ਚੱਕਰ ਵਿੱਚ ਫਸ ਗਿਆ, ਨਹੀਂ ਤੇਰੇ ਵਰਗੀ ਛੁੱਟੜ ਨਾਲ ਕੌਣ ਵਿਆਹ ਕਰਵਾਉਂਦਾ। ਗਾਲ ਮੰਦੇ ਤੋਂ ਗੱਲ ਕੁੱਟ ਮਾਰ ਤੱਕ ਪਹੁੰਚ ਗਈ। ਹੌਲੀ ਹੌਲੀ ਹਰਿੰਦਰ ਨੂੰ ਆਪਣੀ ਭੈਣ ਦੀ ਅਸਲੀਅਤ ਪਤਾ ਚੱਲ ਗਈ ਤੇ ਉਹ ਉਸ ਸਮੇਂ ਨੂੰ ਪਛਤਾਉਣ ਲੱਗੀ ਜਦੋਂ ਉਹ ਇਸ ਬਾਰਾਂ ਤਾਲੀ ਦੀਆਂ ਗੱਲਾਂ ਵਿੱਚ ਫਸ ਕੇ ਕੈਨੇਡਾ ਆ ਗਈ ਸੀ। ਦੂਸਰੇ ਪਾਸੇ ਚਰਨਜੀਤ ਦਾ ਵੀ ਪੰਗਾ ਪੈ ਗਿਆ ਕਿਉਂਕਿ ਉਸ ਦੀ ਪਤਨੀ ਬੇਹੱਦ ਸ਼ੱਕੀ ਕਿਸਮ ਦੀ ਔਰਤ ਸੀ। ਜਦੋਂ ਚਰਨਜੀਤ ਆਪਣੀ ਬੱਚੀ ਨਾਲ ਕੈਨੇਡਾ ਫੋਨ ‘ਤੇ ਗੱਲ ਕਰਦਾ ਤਾਂ ਉਹ ਪਵਾੜਾ ਪਾ ਕੇ ਬੈਠ ਜਾਂਦੀ ਕਿ ਉਹ ਆਪਣੀ ਪਹਿਲੀ ਪਤਨੀ ਨਾਲ ਗੱਲਾਂ ਕਰਦਾ ਹੈ। ਜਦੋਂ ਚਰਨਜੀਤ ਦੇ ਸਿਰ ਤੋਂ ਪਾਣੀ ਲੰਘ ਗਿਆ ਤਾਂ ਉਸ ਨੇ ਲੰਡਨ ਵਿਖੇ ਆਪਣੇ ਕਿਸੇ ਸਿਆਣੇ ਰਿਸ਼ਤੇਦਾਰ ਨਾਲ ਦੁੱਖ ਫੋਲਿਆ। ਰਿਸ਼ਤੇਦਾਰ ਨੂੰ ਸਾਰੀ ਰਾਮ ਕਹਾਣੀ ਦਾ ਪਤਾ ਲੱਗਾ ਤਾਂ ਉਸ ਨੇ ਹਰਿੰਦਰ ਨਾਲ ਗੱਲ ਕੀਤੀ ਤੇ ਵਿੱਚ ਪੈ ਕੇ ਦੋਵਾਂ ਦੀ ਸੁਲ੍ਹਾ ਸਫਾਈ ਕਰਵਾ ਦਿੱਤੀ। ਦੋਵੇਂ ਤਲਾਕ ਲੈ ਕੇ ਦੁਬਾਰਾ ਲੰਡਨ ਪਹੁੰਚ ਗਏ ਤੇ ਹੁਣ ਖੁਸ਼ੀ ਖੁਸ਼ੀ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਨਵਦੀਪ ਨਾਲ ਬਹੁਤ ਬੁਰੀ ਹੋਈ। ਉਸ ਨੂੰ ਪਤੀ ਨੇ ਵੀ ਛੱਡ ਦਿੱਤਾ ਤੇ ਪੱਕਾ ਨਾ ਹੋਣ ਕਾਰਨ ਬੁਆਏ ਫਰੈਂਡ ਨੇ ਵੀ। ਕਿਸ਼ਤਾਂ ਨਾ ਭਰ ਸਕਣ ਕਾਰਨ ਮਕਾਨ ਬੈਂਕ ਨੇ ਜ਼ਬਤ ਕਰ ਲਿਆ ਤੇ ਹੁਣ ਉਹ ਕਿਰਾਏ ਦੀ ਬੇਸਮੈਂਟ ਲੈ ਕੇ ਤੇ ਛੋਟੇ ਮੋਟੇ ਕੰਮ ਕਰ ਕੇ ਬੱਚੇ ਪਾਲ ਰਹੀ ਹੈ। ਜੱਸੀ ਵੀ ਜੇ ਸਾਲ ਛੇ ਮਹੀਨੇ ਆਪਣੀ ਜ਼ੁਬਾਨ ‘ਤੇ ਕੰਟਰੋਲ ਰੱਖਦਾ ਤਾਂ ਸ਼ਾਇਦ ਪੱਕਾ ਹੋ ਜਾਂਦਾ।

# ਜੀਵਨ ਸਫਲ ਬਣਾਉਣ ਲਈ ਬਾਬਾ ਧੰਨ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਤੇ ਚੱਲਣਾ ਪਵੇਗਾ

**ਪਰਮਜੀਤ ਕੌਰ ਸੋਢੀ ਭਗਤਾ**
**ਭਾਈ ਕਾ 94786 58384**

ਧੰਨ ਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਇਆ,; ਦੇ ਮਹਾਵਾਕ ਅਨੁਸਾਰ ਸਿੱਖ ਧਰਮ ਦੀ ਨੀਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋ ਹੀ ਮੰਨੀ ਜਾਦੀ ਹੈ।ਸੰਨ1469 ਈ; ਵਿੱਚ ਸਿੱਖ ਪੰਥ ਦਾ ਇਹ ਬੂਟਾ ਧੰਨ-ਧੰਨ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ।ਜਿਸ ਨੂੰ ਗੁਰੂ ਸਾਹਿਬਾ ਨੇ ਦਸ ਗੁਰੂਆਂ ਰਾਹੀ ਅੱਗੇ ਪ੍ਰਫੁਲੱਤ ਕੀਤਾ।ਕਿੰਨੇ ਡੂੰਘੇ ਤੇ ਮਿੱਠੇ ਬੋਲ ਹਨ ਧੰਨ,ਧੰਨ ਗੁਰੂ ਨਾਨਕ ਸਾਹਿਬ ਜੀ ਦੇ ; ਬਿਨ ਤੇਲ ਦੀਵਾ ਕਿਵੇ ਜਲੇ@@ ਇਸ ਪਾਵਣ ਪੰਕਤੀ ਰਾਹੀ ਮੇਰੇ ਸਾਹਿਬ ਜੀ ਕੰਹਿਦੇ ਹਨ ਕਿ ਲਆਪਣੇ ਪਿਆਰੇ ਦੀ ਯਾਦ ਤੋ ਬਿਨਾ ਜੀਵਨ ਦਾ ਦੀਵਾ ਨਹੀ ਬਲ ਸਕਦਾ ਇਸ ਲਈ ਸੇਵਕਜਣੋ ਜੇਕਰ ਆਂਪਣੇ ਹਿਰਦੇ ਵਿੱਚ ਉਸ ਪ੍ਰਭੂ ਦੀ ਯਾਦ ਹੈ ਤਾਂ ਹੀ ਸਿਮਰਨ ਰੂਪੀ ਦੀਵਾ ਜਗ ਸਕੇਗਾ।ਇਸ ਨਾਲ ਆਤਮਿਕ ਆਨੰਦ ਬਣਿਆਰਹੇਗਾ ਜਿਵੇ ਕਹਿ ਲਵੋ ਤੇਲ ਬਿਨਾ ਦੀਵਾ ਨਹੀ ਬਲ ਸਕਦਾ ਉਵੇ ਸਿਮਰਨ,ਸੇਵਾ,ਭਗਤੀ ਤੋ ਬਿਨਾ ਜੀਵਨ ਸਫਲ ਨਹੀ ਹੋ ਸਕਦਾ।ਧੰਨ,ਧੰਨ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਇਹੀ ਸਿਧਾਂਤ ਹੈ ਕਿ ਜਿੱਥੇ ਅਕਾਲ ਪੁਰਖ ਦੀ ਯਾਦ ਨਹੀ ਉੱਥੇ ਮਾਇਆ ਮੋਹਨੀ,ਦੁਨਿਆਵੀ ਚੀਜਾ ਅੱਗੇ ਮਨ ਡੋਲ ਜਾਦਾ ਹੈ।ਪਰ ਜੇਕਰ ਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ ਮੁਤਾਬਕ ਚੱਲੀਏ ਤੇ ਸਰੀਰ ਰੂਪੀ ਦੀਵੇ ਵਿੱਚ ਸੱਚ ਦੇ ਮਾਰਗ ਤੇ ਚੱਲਣ ਵਾਲਾ ਤੇਲ ਪਾ ਦਈਏ ਤਾਂ ਇਹ ਦੁਨਿਆਵੀ ਚੀਜਾ ਤੁੱਛ ਸਮਾਨ ਹੀ ਲੱਗਦੀਆਂ ਹਨ।ਤੇ ਨਾਮ ਬਾਣੀ ਨਾਲ ਜੁੜ ਕੇ ਉਸ ਅਕਾਲ ਪੁਰਖ ਦੇ ਦੀਦਾਰ ਹੋ ਜਾਂਦੇ ਹਨ।ਤੇ ਅਤਮਿਕ ਆਨੰਦ ਆ ਜਾਦਾ ਹੈ।ਮੇਰੀ ਸਾਰੀ ਸਾਧ,ਸੰਗਤ ਨੂੰ ਬੇਨਤੀ ਹੈ ਕਿ ਦੁਨੀਆ ਵਿੱਚ ਆ ਕੇ ਪ੍ਰਭੂ ਭਗਤੀ ,ਨਾਮਸਿਮਰਨ ਜਰੂਰ ਕਰਨਾ ਚਾਹੀਦਾ ਹੈ । ਤਦੇ ਹੀ ਉਸ ਮਾਲਕ ਦੀ ਹਜੂਰੀ ਵਿੱਚ ਬੈਠਣ ਲਈ ਥਾਂ ਮਿਲਦੀ ਹੈ।ਸਿਮਰਨ ਦੀ ਬਰਕਤ ਨਾਲ ਆਪਾ ਬੇਫਿਕਰੇ ਹੋ ਜਾਈਦਾ ਹੈ।ਤੇ ਪ੍ਰਮਾਤਮਾ ਸਾਰੇ ਕੰਮ ਆਪ ਸੰਵਾਰਦਾ ਹੈ।ਜਿਵੇ ਕਹਿ ਲਵੋ ਹਰ ਕਾਰਜ,ਹਰ ਥਾ ਉਸ ਮਾਲਕ ਦੀ ਕਲਾ ਵਰਤਦੀ ਹੈ। ਗੁਰੂ ਸਾਹਿਬਾ ਦੇ ਸਿਧਾਤ ਮੁਤਾਬਕ ਮੈ ,ਮੇਰੀ ਦਾ ਪੂਰਨ ਤੌਰ ਤੇ ਖਾਤਮਾ ਕਰਨਾ ਪੈਦਾ ਹੈ ਤੇ ਫਿਰ ਗੁਰੂ ਜੀ ਦਾ ਹੁਕਮ ਸਿਰ ਮੱਥੇ ਮੰਨਣ ਦੀ ਸਰਤ ਤੇ ਪੂਰਾ ਉਤਰ ਗੁਰੂ ਦਾ ਬਣਿਆ ਜਾਦਾ ਹੈ। ਜਿਵੇ ਕਹਿ ਲਵੋ ਤਨ,ਮਨ ਧਨ ਸਭ ਸੌਪ ਗੁਰੂ ਨੂੰ ਹੁਕਿਮ ਮੰਨੀਏ ਪਾਈਏਵਾਲੀ ਅਵਸਥਾ ਬਣਾ ਸਭ ਸੁੱਖ ਪ੍ਰਾਪਤ ਕੀਤੇ ਜਾ ਸਕਦੇ ਹਨ। ਗੁਰੂ ਦੇ ਭਉ,ਭਾਓ ਤੇ ਭਗਤੀ ਤੋ ਸੱਖਣਾ ਇਨਸਾਨ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਨਹੀ ਕਰ ਸਕਦਾ ਇੱਕ ਜੁੜੇ ਹੋਏਵਿਆਕਤੀ ਲਈ ਸਬਰ,ਸੰਤੋਖ,ਸੱਚ,ਨਿਤਨੇਮ ਦਾ ਧਾਰਨੀ ਹੋਣਾ,ਸਭ ਦੀ ਇੱਜਤ ਆਬਰੂ ਦੀ ਰਖਵਾਲੀ ਜਿਵੇ ਕਹਿੰਦੇ ਨੇ ਵੇਖ ਪਰਾਈਆਂ ਧੀਆਂ ,ਭੈਣਾ ਜਾਣੇ,ਉੱਚੀ ਸੁੱਚੀ ਸੋਚ ਦਾ ਧਾਰਨੀ ਹੋਣਾ,ਸੱਰਬਤ ਦਾ ਭਲਾ ਮੰਗਣਾ,ਵੰਡ ਕੇ ਛਕਣਾ ,ਲੋੜਵੰਦਾ ਦੀ ਮੱਦਦ ਕਰਣਾ ਤਵੀਤ ਧਾਗੇ ਜਾਦੂ ਟੂਣੇ ਆਦਿ ਤੋ ਦੂਰ ਰਹਿਣਾ ਹੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾ ਤੇ ਖਰਾ ਉਤਰਨ ਦੀ ਜਾਚ ਸਖਾਉਦੀ ਹੈ।ਸਭ ਤੋ ਵੱਡਾ ਗੁਣ ਦੋਸਤੋ ਹੁੰਦਾ ਹੈ ਨੀਵੇ ਹੋ ਕੇ ਚੱਲਣਾ ਜਿਵੇ ਧੰਨ,ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਕਹਿੰਦੇ ਹਨ ਨਾਨਕ ਨੀਵਾਂ ਜੋ ਚੱਲੇ ਲੱਗੇ ਨਾ ਤੱਤੀ ਵਾਹ।ਇਸ ਨਾਲ ਵੀ ਆਪਾਂ ਆਤਮਿਕ ਆਨੰਦ ਪ੍ਰਾਪਤ ਕਰ ਸਕਦੇ ਹਾਂ ਤੇ ਗੁਰ ਨਾਨਕ ਸਾਹਿਬ ਜੀ ਦੈ ਅਜੀਜ ਸਿੱਖ ਬਣ ਸਕਦੇ ਹਾ। ਬੱਸ ਇਹੋ ਹੀ ਹਨ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਸਬਦ ਦਾ ਦੀਵਾ ਬਾਲੋ ਤੇ ਆਪਣੇ ਅੰਦਰ ਨੂੰ ਰੌਸ਼ਨ ਕਰੋ ਤੇ ਜੀਵਣ ਸਫਲ ਬਣਾਓ ।ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

# 5 ਪੰਜਾਬੀ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਰਾਜਧਾਨੀ ਦਿੱਲੀ ਨੂੰ ਉਸਾਰਿਆ ਤੇ 'ਅੱਧੀ ਦਿੱਲੀ ਦੇ ਮਾਲਿਕ' ਬਣੇ



## ਪੰਜਾਂ ਠੇਕੇਦਾਰਾਂ ਵਿਚ ਆਪਸੀ ਪਿਆਰ

ਇਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਖੁਸ਼ਵੰਤ ਸਿੰਘ ਨੇ ਆਪਣੇ ਲੇਖ 'ਦ ਰੋਮਾਂਸ ਆਫ ਨਿਊ ਦਿੱਲੀ' ਵਿੱਚ ਲਿਖਿਆ ਹੈ।ਉਹ ਲਿਖਦੇ ਹਨ, ਜਦੋਂ ਉਹ ਪਹਿਲੀ ਵਾਰੀ ਰਾਏਸੀਨਾ ਵਿਖੇ ਆਏ, ਉਹ ਉਸ ਸੜਕ ਜਿਸ ਨੂੰ ਹੁਣ ਓਲਡ ਮਿਲ ਰੋਡ ਕਿਹਾ ਜਾਂਦਾ ਹੈ ਦੇ ਕਿਨਾਰੇ ਉੱਤੇ ਬਣਾਏ ਗਏ ਝੌਂਪੜਿਆਂ ਵਿੱਚ ਰਿਹਾ ਕਰਦੇ ਸੀ। ਉਹ ਲਿਖਦੇ ਨੇ ਕਿ ਫਿਰ ਇਹ ਸਾਰੇ ਇਕੱਠੇ ਜੰਤਰ-ਮੰਤਰ ਸੜਕ ਉੱਤੇ ਬਣੇ ਆਪਣੇ ਆਲੀਸ਼ਾਨ ਘਰਾਂ ਵਿੱਚ ਆ ਕੇ ਰਹਿਣ ਲੱਗੇ, ਜਿੱਥੇ ਉਨ੍ਹਾਂ ਨੇ ਅਗਲੇ ਦੋ ਦਹਾਕੇ ਬਿਤਾਏ। ਜਿਵੇਂ-ਜਿਵੇਂ ਸ਼ਹਿਰ ਵਧਿਆ ਉਹ ਇਸਦੇ ਵੱਖਰੇ-ਵੱਖਰੇ ਹਿੱਸਿਆਂ ਵਿੱਚ ਜਾ ਕੇ ਰਹਿਣ ਲੱਗੇ ਅਤੇ ਇੱਕ ਤੋਂ ਬਾਅਦ ਇੱਕ ਇਸ ਸੰਸਾਰ ਤੋਂ ਚਲੇ ਗਏ। ਨਵੀਂ ਦਿੱਲੀ ਨੂੰ ਬਣਾਉਣ ਵਾਲੇ ਠੇਕੇਦਾਰਾਂ ਦਾ ਆਪਸ ਵਿੱਚ ਚੰਗਾ ਭਾਈਚਾਰਾ ਸੀ।ਉਨ੍ਹਾਂ ਵਿੱਚ ਲੜਾਈ ਬਹੁਤ ਘੱਟ ਹੀ ਹੁੰਦੀ ਸੀ, ਇਸਦੀ ਇੱਕ ਵਜ੍ਹਾ ਚੰਗਾ ਮੁਨਾਫ਼ਾ ਵੀ ਸੀ। ਸੋਭਾ ਸਿੰਘ ਦੇ ਪੁੱਤਰ ਖੁਸ਼ਵੰਤ ਸਿੰਘ ਦਾ ਵਿਆਹ ਤੇਜਾ ਸਿੰਘ ਮਲਿਕ ਦੀ ਧੀ ਨਾਲ ਹੋਇਆ ਸੀ।ਖੁਸ਼ਵੰਤ ਸਿੰਘ ਲਿਖਦੇ ਹਨ ਕਿ ਸਾਡੇ ਘਰ - 'ਬੈਕੁੰਠ' ਦੇ ਨਾਲ ਵਾਲਾ ਘਰ ਮੇਰੇ ਪਿਤਾ ਦੇ ਪਰਮ ਮਿੱਤਰ ਬਸਾਖਾ ਸਿੰਘ ਦਾ ਸੀ। ਉਨ੍ਹਾਂ ਨੇ ਘਰਾਂ ਵਿਚਲੀ ਕੰਧ ਢਾਹ ਦਿੱਤੀ ਤਾਂ ਕਿ ਉਹ ਸੌਖਿਆਂ ਇੱਕ ਦੂਜੇ ਦੇ ਘਰ ਆ ਸਕਣ। ਬਸਾਖਾ ਸਿੰਘ ਦੇ ਨਾਲ ਵਾਲਾ ਘਰ ਧਰਮ ਸਿੰਘ ਸੇਠੀ ਦਾ ਸੀ, ਉਸਦੇ ਨਾਲ ਦਾ ਘਰ ਰਾਮ ਸਿੰਘ ਕਾਬਲੀ ਦਾ ਸੀ ਅਤੇ ਸਾਡੇ ਸਾਹਮਣੇ ਵਾਲਾ ਘਰ ਰਣਜੀਤ ਸਿੰਘ ਦੇ ਪੁੱਤਰ ਨਰਾਇਣ ਸਿੰਘ ਦਾ ਸੀ। ਖੁਸ਼ਵੰਤ ਸਿੰਘ ਲਿਖਦੇ ਹਨ ਕਿ ਇਨ੍ਹਾਂ ਠੇਕੇਦਾਰਾਂ ਨਾਮ ਉੱਤੇ ਦਿੱਲੀ ਦੀ ਕੋਈ ਵੀ ਸੜਕ ਨਹੀਂ ਹੈ, ਜੋ ਇਨ੍ਹਾਂ ਦੀ ਯਾਦ ਨੂੰ ਜ਼ਿੰਦਾ ਰੱਖਦੀ ਹੋਵੇ।ਖੁਸ਼ਵੰਤ ਸਿੰਘ ਲਿਖਦੇ ਹਨ ਕਿ ਇਨ੍ਹਾਂ ਠੇਕੇਦਾਰਾਂ ਦੇ ਨਾਂਅ ਇਤਿਹਾਸ ਵਿੱਚ ਸ਼ੁਮਾਰ ਹਨ, ਹਾਂਲਾਂਕਿ ਇਸ ਵਿੱਚ ਸ਼ਾਮਲ ਰਹੇ 30,000 ਮਜ਼ਦੂਰ ਜੋ ਉੱਤਰੀ ਭਾਰਤ ਦੇ ਕਈ ਇਲਾਕਿਆਂ ਵਿੱਚੋਂ ਆਏ ਜਿਨ੍ਹਾਂ ਕੋਈ ਜਾਣਕਾਰੀ ਨਹੀਂ ਹੈ।

ਜਿਸ ਵੇਲੇ ਬ੍ਰਿਟੇਨ ਦੀ ਹਕੂਮਤ ਨੇ ਦਿੱਲੀ ਵਿਚਲੇ 'ਰਾਇਸੀਨਾ ਹਿੱਲਜ਼' ਦੇ ਇਲਾਕੇ ਨੂੰ ਆਪਣੇ ਵੱਡੇ ਸਾਮਰਾਜ ਦੀ ਰਾਜਧਾਨੀ ਵਜੋਂ ਚੁਣਿਆ ਤਾਂ ਇਹ ਇੱਕ ਖੰਡਰ ਜਿਹਾ ਸੀ। ਇੱਥੇ ਇਮਾਰਤਸਾਜ਼ੀ ਦੇ ਨਵੇਂ ਮਿਆਰ ਸਥਾਪਤ ਕਰਦੇ ਦਿਲਖਿੱਚਵੇਂ ਢਾਂਚੇ ਉਸਾਰਨ ਦਾ ਕੰਮ ਜਿਨ੍ਹਾਂ ਠੇਕੇਦਾਰਾਂ ਨੇ ਸਿਰੇ ਲਾਇਆ ਉਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ।ਹਾਲਾਂਕਿ ਨਵੀਂ ਦਿੱਲੀ ਵਿਚਲੀਆਂ ਇਮਾਰਤਾਂ ਨੂੰ ਡਿਜ਼ਾਈਨ ਕਰਨ ਦਾ ਕੰਮ ਐਡਰਡ ਲੁਟਿਅਨ ਅਤੇ ਹਰਬਰਟ ਬੇਕਰ ਨਾਂ ਦੇ ਇਮਾਰਤਸਾਜ਼ਾਂ ਨੇ ਕੀਤਾ।ਪਰ ਇਸ ਡਿਜ਼ਾਈਨ ਨੂੰ ਹਕੀਕਤ ਬਣਾਉਣ ਵਿੱਚ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਆਏ ਠੇਕੇਦਾਰਾਂ ਨੇ ਅਹਿਮ ਭੂਮਿਕਾ ਨਿਭਾਈ ਸੀ।ਬਰਤਾਨਵੀ ਹਕੂਮਤ ਨੇ ਆਪਣੀ ਰਾਜਧਾਨੀ ਕਲਕੱਤੇ ਤੋਂ ਨਵੀਂ ਦਿੱਲੀ ਬਦਲਣ ਦਾ ਫ਼ੈਸਲਾ 1911 ਵਿੱਚ ਲਿਆ ਸੀ। ਇਸ ਫ਼ੈਸਲੇ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਤਕਰੀਬਨ ਦੋ ਦਹਾਕੇ ਲੱਗੇ ਸਨ। ਦੋਵਾਂ ਸਕੱਤਰੇਤਾਂ ਦੇ ਵਿਚਕਾਰ ਬਣੇ ਸੈਂਟਰਲ ਵਿਸਟਾ ਉੱਤੇ ਪੀਲੇ ਰੰਗ ਦੇ ਪੱਥਰਾਂ ਉੱਤੇ ਇਨ੍ਹਾਂ ਇਮਾਰਤਾਂ ਨੂੰ ਬਣਾਉਣ ਵਾਲੇ ਪੰਜੇ ਠੇਕੇਦਾਰਾਂ ਅਤੇ ਇੰਜੀਨਿਅਰਾਂ ਵਾਲੇ ਪਾਸੇ ਤੇਜਾ ਸਿੰਘ ਮਲਿਕ ਦਾ ਨਾਂਅ ਦਰਜ ਹੈ। ਬ੍ਰਿਟਿਸ਼ ਰਾਜ ਵੇਲੇ ਨਵੀਂ ਦਿੱਲੀ ਵਿੱਚ ਉਸਾਰੇ ਗਏ ਢਾਂਚਿਆਂ ਦਾ ਸੈਂਟਰਲ ਵਿਸਟਾ ਮਾਸਟਰ ਪਲਾਨ ਤਹਿਤ ਮੁੜ ਵਿਕਾਸ ਦਾ ਕੰਮ ਤਤਕਾਲੀ ਭਾਰਤ ਸਰਕਾਰ ਨੇ 2019 ਵਿੱਚ ਸ਼ੁਰੂ ਕੀਤਾ ਸੀ। ਇਹ ਕੰਮ 2026 ਤੱਕ ਮੁਕੰਮਲ ਹੋਣ ਬਾਰੇ ਕਿਹਾ ਜਾ ਰਿਹਾ ਹੈ। ਭਾਰਤ ਸਰਕਾਰ ਦੀ ਵੈੱਬਸਾਈਟ ਮੁਤਾਬਕ ਕਰੀਬ 20,000 ਕਰੋੜ ਡਾਲਰ ਦੇ ਖਰਚੇ ਉੱਤੇ ਕਈ ਨਵੀਆਂ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ ਅਤੇ ਬਦਲਾਅ ਕੀਤੇ ਜਾ ਰਹੇ ਹਨ। ਨਵੀਂ ਪਾਰਲੀਮੈਂਟ ਬਿਲਡਿੰਗ ਵੀ ਇਸੇ ਤਹਿਤ ਬਣਾਈ ਗਈ ਸੀ ਜਿਸਦਾ ਉਦਘਾਟਨ ਇਸੇ ਸਾਲ ਮਈ ਵਿੱਚ ਹੋਇਆ। ਬ੍ਰਿਟਿਸ਼ ਸਰਕਾਰ ਵੇਲੇ ਨਵੀਂ ਦਿੱਲੀ ਬਣਾਉਣ ਵਾਲੇ ਠੇਕੇਦਾਰਾਂ ਦੇ ਪਰਿਵਾਰਕ ਮੈਂਬਰ ਅਤੇ ਦਿੱਲੀ ਦੀ ਵਿਰਾਸਤ ਨਾਲ ਜੁੜੇ ਲੋਕ ਸਮੇਂ-ਸਮੇਂ 'ਤੇ ਇਹ ਵਿਚਾਰ ਰੱਖਦੇ ਰਹੇ ਹਨ ਕਿ ਇਨ੍ਹਾਂ ਠੇਕੇਦਾਰਾਂ ਦੀ ਯਾਦ ਨੂੰ ਜਿਉਂਦਾ ਰੱਖਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।

**'ਅੱਧੀ ਦਿੱਲੀ ਦੇ ਮਾਲਕ'**

ਇਨ੍ਹਾਂ ਠੇਕੇਦਾਰਾਂ ਵਿੱਚੋਂ ਪੰਜ ਜਣਿਆਂ ਨੇ ਮੋਹਰੀ ਭੂਮਿਕਾ ਨਿਭਾਈ।ਇਹ ਪੰਜ ਠੇਕੇਦਾਰ ਸਨ – ਸੋਭਾ ਸਿੰਘ, ਧਰਮ ਸਿੰਘ ਸੇਠੀ, ਬੈਸਾਖਾ ਸਿੰਘ, ਰਣਜੀਤ ਸਿੰਘ, ਮੋਹਨ ਸਿੰਘ।ਮਰਹੂਮ ਲੇਖਕ ਖੁਸ਼ਵੰਤ ਸਿੰਘ ਆਪਣੇ ਲੇਖ 'ਦ ਰੋਮਾਂਸ ਆਫ ਨਿਊ ਦਿੱਲੀ' ਵਿੱਚ ਲਿਖਦੇ ਹਨ, ਦਿੱਲੀ ਦੇ ਸਿੱਖ ਹਲਕਿਆਂ ਵਿੱਚ ਇਨ੍ਹਾਂ ਪੰਜਾਂ ਨੂੰ ਪੰਜ ਪਿਆਰਿਆਂ ਵਜੋਂ ਜਾਣਿਆ ਜਾਂਦਾ ਸੀ। ਖੁਸ਼ਵੰਤ ਸਿੰਘ ਸਰਦਾਰ ਸੋਭਾ ਸਿੰਘ ਦੇ ਪੁੱਤਰ ਸਨ।ਜੇਬ੍ਹ 'ਚ ਮਾਮੂਲੀ ਜਿਹੀ ਰਕਮ ਲੈ ਕੇ ਦਿੱਲੀ ਆਏ ਇਨ੍ਹਾਂ ਠੇਕੇਦਾਰਾਂ ਨੇ ਆਉਂਦੇ ਵਰ੍ਹਿਆਂ 'ਚ ਇੰਨੀ ਤਰੱਕੀ ਕੀਤੀ ਕਿ ਉਨ੍ਹਾਂ ਨੂੰ ਕਿਸੇ ਸਮੇਂ 'ਅੱਧੀ ਦਿੱਲੀ ਦੇ ਮਾਲਕ' ਕਿਹਾ ਜਾਂਦਾ ਸੀ।ਇਨ੍ਹਾਂ ਠੇਕੇਦਾਰਾਂ ਦੀਆਂ ਕਈ ਕਹਾਣੀਆਂ ਮਸ਼ਹੂਰ ਹਨ।ਧਰਮ ਸਿੰਘ ਸੇਠੀ ਦੇ ਪਰਿਵਾਰ ਵਿੱਚੋਂ ਪੂਨੀਤਾ ਸਿੰਘ ਨੇ ਦੱਸਿਆ ਕਿ ਇਹ ਵੀ ਕਿਹਾ ਜਾਂਦਾ ਸੀ ਕਿ ਇਹ ਪੰਜੇ ਜਣੇ ਇੱਕ ਦੂਜੇ ਨਾਲ ਪੱਗਾਂ ਵਟਾਇਆ ਕਰਦੇ ਸਨ।ਉਹ ਇੱਕ-ਦੂਜੇ ਨੂੰ ਭਰਾਵਾਂ ਵਾਂਗ ਸਮਝਦੇ ਸਨ। ਇਨ੍ਹਾਂ ਠੇਕੇਦਾਰਾਂ ਨੂੰ ਨਵੀਂ ਦਿੱਲੀ ਦੇ ਪਹਿਲੇ ਵਸਨੀਕਾਂ ਵਜੋਂ ਵੀ ਜਾਣਿਆ ਜਾਂਦਾ ਹੈ।2011 ਵਿੱਚ ਇਨ੍ਹਾਂ ਸ਼ਖਸੀਅਤਾਂ ਬਾਰੇ ਦਿੱਲੀ ਤੋਂ ਪ੍ਰਕਾਸ਼ਿਤ ਹੁੰਦੇ 'ਨਿਸ਼ਾਨ' ਮੈਗਜ਼ੀਨ ਦਾ ਖ਼ਾਸ ਅੰਕ ਲਿਖਣ ਵਾਲੇ ਡਾ. ਅਮਨਪ੍ਰੀਤ ਸਿੰਘ ਗਿੱਲ ਲਿਖਦੇ ਹਨ ਕਿ ਇਨ੍ਹਾਂ ਪੰਜਾਂ ਨੇ ਆਪਣੇ-ਆਪ ਨੂੰ ਸਿਰਫ ਨਿਰਮਾਣ ਕਾਰਜਾਂ ਤੱਕ ਹੀ ਸੀਮਤ ਨਹੀਂ ਕੀਤਾ।ਉਹ ਲਿਖਦੇ ਹਨ ਕਿ ਇਨ੍ਹਾਂ ਨੇ ਸਿਨੇਮਾ ਅਤੇ ਹੋਟਲ ਖੋਲ੍ਹੇ, ਕੰਪਨੀਆਂ ਬਣਾਈਆਂ ਅਤੇ ਰਾਜਨੀਤੀ ਵਿੱਚ ਹਿੱਸਾ ਵੀ ਲਿਆ।ਅਮਨਪ੍ਰੀਤ ਸਿੰਘ ਦਿੱਲੀ ਯੂਨੀਵਰਸਿਟੀ ਦੇ ਗੁਰੂ ਤੇਗ ਬਹਾਦੁਰ ਖਾਲਸਾ ਕਾਲਜ ਵਿੱਚ ਪ੍ਰੋਫ਼ੈਸਰ ਹਨ।

**ਝੌਂਪੜੀਆਂ ਤੋਂ ਆਲੀਸ਼ਾਨ ਬੰਗਲਿਆਂ ਤੱਕ**

ਮਾਲਵਿਕਾ ਸਿੰਘ ਸਾਲ 2009 ਵਿੱਚ ਛਪੀ ਆਪਣੀ ਕਿਤਾਬ 'ਨਵੀਂ ਦਿੱਲੀ, ਮੇਕਿੰਗ ਆਫ ਅ ਕੈਪੀਟਲ' ਵਿੱਚ ਲਿਖਦੇ ਹਨ। ਸਾਰੇ ਠੇਕੇਦਾਰਾਂ ਨੇ ਇਸ ਨਵੇਂ ਸ਼ਹਿਰ ਦੀ ਉਸਾਰੀ ਲਈ ਹੱਡ-ਭੰਨ੍ਹਵੀਂ ਮਿਹਨਤ ਕੀਤੀ।ਉਨ੍ਹਾਂ ਨੇ ਪੰਜਾਬ ਅਤੇ ਰਾਜਸਥਾਨ ਤੋਂ ਇੱਥੇ ਲਿਆਂਦੇ ਗਏ ਸੈਂਕੜੇ ਮਜ਼ਦੂਰਾਂ ਦੀ ਅਗਵਾਈ ਕੀਤੀ।ਉਹ ਇੱਕ-ਦੂਜੇ ਦੇ ਮਦਦਗਾਰ ਬਣੇ ਅਤੇ ਇਨ੍ਹਾਂ ਵਿੱਚੋਂ ਬਹੁਤਿਆਂ ਨੇ ਪੰਜਾਬ ਵਿਚਲੀਆਂ ਆਪਣੀਆਂ ਜ਼ਮੀਨਾਂ ਨੂੰ ਪਿੱਛੇ ਛੱਡ ਦਿੱਤਾ ਅਤੇ ਦਿੱਲੀ ਨੂੰ ਆਪਣਾ ਘਰ ਬਣਾਇਆ। ਉਹ ਅੱਗੇ ਲਿਖਦੇ ਹਨ, ਇਸ ਨਵੇਂ ਸ਼ਹਿਰ ਨੂੰ ਬਣਾਉਣ ਵਿੱਚ 17 ਸਾਲਾਂ ਦਾ ਸਮਾਂ ਲੱਗਾ, ਇਸ ਸਮੇਂ ਦੌਰਾਨ ਸ਼ਾਹੀ ਦਿੱਲੀ ਦੇ ਇਮਾਰਤਸਾਜ਼ਾਂ ਨਾਲ ਕੰਮ ਕਰਨ ਵਾਲੇ ਠੇਕੇਦਾਰਾਂ ਨੇ ਭਾਰੀ ਦੌਲਤ ਇਕੱਠੀ ਕੀਤੀ। ਇਸ ਨਵੀਂ ਰਾਜਧਾਨੀ ਦੀ ਉਸਾਰੀ ਲਈ ਇਕੱਠੇ ਕੰਮ ਕਰਦਿਆਂ ਇਹ ਇੱਕ-ਦੂਜੇ ਦੇ ਕਾਫੀ ਨੇੜੇ ਹੋ ਗਏ, ਬਿਲਕੁਲ ਇੱਕ ਵੱਡੇ ਪਰਿਵਾਰ ਵਾਂਗ, ਸ਼ੁਰੂ ਵਿੱਚ ਵਿੱਚ ਉਹ ਸਾਰੇ ਜੰਤਰ ਮੰਤਰ ਸੜਕ 'ਤੇ ਰਹੇ। ਜਿਵੇਂ-ਜਿਵੇਂ ਸ਼ਹਿਰ ਵਧਿਆ ਤਾਂ ਉਹ ਪੱਛਮ ਵਾਲੇ ਪਾਸੇ ਚਲੇ ਗਏ, ਜਿੱਥੇ ਉਨ੍ਹਾਂ ਆਪਣੇ ਘਰ ਬਣਾਏ।

**ਪੰਜਾਬੀ ਠੇਕੇਦਾਰਾਂ ਦਾ ਉਭਾਰ ਕਿਵੇਂ ਹੋਇਆ**

ਖੁਸ਼ਵੰਤ ਸਿੰਘ ਲਿਖਦੇ ਹਨ ਕਿ ਜਦੋਂ ਦਿੱਲੀ ਬਣਨੀ ਸ਼ੁਰੂ ਹੋਈ ਤਾਂ ਸਭ ਤੋਂ ਪਹਿਲਾਂ ਠੇਕੇਦਾਰਾਂ ਵਜੋਂ ਸਿੰਧ ਇਲਾਕੇ ਤੋਂ ਆਏ ਠੇਕੇਦਾਰ ਉੱਭਰੇ ਸਨ।ਕਰਾਚੀ ਦੇ ਸ਼ੁੱਕਰ ਤੋਂ ਆਏ ਰਾਏ ਬਹਾਦੁਰ ਫਤਿਹ ਚੰਦ ਨੇ ਓਲਡ ਮੈਟਕਾਲਫ ਹਾਊਸ ਬਣਾਇਆ ਸੀ, ਜੋ ਕਿ ਓਲਡ ਸੈਕਰੇਟਰੀਏਟ ਦੇ ਨੇੜੇ ਬਣਿਆ ਸੀ, ਉਹ ਨਵੀਂ ਦਿੱਲੀ ਨੂੰ ਬਣਾਉਣ ਦੇ ਕੰਮ ਵਿੱਚ ਹਿੱਸਾ ਨਹੀਂ ਲੈ ਸਕੇ।ਪਰ ਇੱਕ ਹੋਰ ਸਿੰਧੀ ਖਾਨ ਬਹਾਦੁਰ ਸੇਠ ਹਾਰੂਨ ਨੇ ਰਾਸ਼ਟਰਪਤੀ ਭਵਨ ਦੇ ਨਿਰਮਾਣ ਵਿੱਚ ਭੂਮਿਕਾ ਨਿਭਾਈ। ਤੀਜੇ ਸਿੰਧੀ ਲਛਮਣ ਦਾਸ ਨੇ ਪਾਰਲੀਮੈਂਟ ਹਾਊਸ ਦਾ ਵੱਡਾ ਹਿੱਸਾ ਬਣਾਇਆ।ਖੁਸ਼ਵੰਤ ਸਿੰਘ ਲਿਖਦੇ ਹਨ, ਸੇਠ ਹਾਰੁਨ ਨੇ ਆਪਣੀ ਇਮਾਨਦਾਰੀ ਕਰਕੇ ਕਾਫੀ ਨਾਂਅ ਕਮਾਇਆ ਸੀ। ਉਨ੍ਹਾਂ ਨਾ ਤਾਂ ਸਸਤਾ ਸਮਾਨ ਵਰਤਿਆ ਅਤੇ ਨਾ ਹੀ ਕਦੇ ਮਜਦੂਰਾਂ ਨੂੰ ਦਿਹਾੜੀ ਦੇਣ ਤੋਂ ਨਾਹ-ਨੁਕੱਰ ਕੀਤੀ। ਉਨ੍ਹਾਂ ਆਮਦਨ ਟੈਕਸ ਵਿੱਚ ਵੀ ਘਪਲਾ ਨਹੀਂ ਕੀਤਾ। ਇਹੀ ਉਨ੍ਹਾਂ ਦੇ ਨਿਘਾਰ ਦਾ ਕਾਰਣ ਬਣਿਆ। ਉਹ ਹਰਿਦੁਆਰ ਚਲੇ ਗਏ ਅਤੇ ਆਪਣੇ ਅੰਤਲੇ ਸਮੇਂ ਵਿੱਚ ਸਾਧੂ ਬਣ ਗਏ। ਖੁਸ਼ਵੰਤ ਸਿੰਘ ਲਿਖਦੇ ਹਨ ਕਿ ਇਸ ਮਗਰੋਂ ਪੰਜਾਬੀਆਂ ਨੇ ਪਹਿਲਕਦਮੀ ਕਰਕੇ ਸਿੰਧੀਆਂ ਤੋਂ ਥਾਂ ਖੋਹ ਲਈ ਅਤੇ ਵੱਡੀ ਗਿਣਤੀ ਵਿੱਚ ਠੇਕੇ ਹਾਸਲ ਕੀਤੇ।ਇਹ ਪੰਜਾਬੀ ਠੇਕੇਦਾਰ ਕੌਣ ਸਨ ਅਤੇ ਕਿੱਥੋਂ ਆਏ ਸਨ ?

**ਸੋਭਾ ਸਿੰਘ**

ਸੋਭਾ ਸਿੰਘ ਦਿੱਲੀ ਵਿਚਲੀਆਂ ਕਈ ਮਹੱਤਵਪੂਰਨ ਅਤੇ ਬਾਕੀਆਂ ਦੇ ਮੁਕਾਬਲੇ ਵੱਧ ਇਮਾਰਤਾਂ ਬਣਾਉਣ ਲਈ ਜਾਣੇ ਜਾਂਦੇ ਹਨ।ਉਹ ਉੱਘੇ ਲੇਖਕ ਖੁਸ਼ਵੰਤ ਸਿੰਘ ਦੇ ਪਿਤਾ ਸਨ।ਇਹ ਪਰਿਵਾਰ ਦੱਖਣੀ ਪੰਜਾਬ ਦੇ ਸ਼ਾਹਪੁਰ ਜ਼ਿਲ੍ਹੇ ਦੇ ਹਦਾਲੀ ਪਿੰਡ ਵਿੱਚੋਂ ਆਇਆ ਸੀ।ਆਪਣੇ ਲੇਖ 'ਦ ਰੋਮਾਂਸ ਆਫ ਨਿਊ ਦਿੱਲੀ' ਵਿੱਚ ਖੁਸ਼ਵੰਤ ਸਿੰਘ ਲਿਖਦੇ ਹਨ, ਨਵੀਂ ਦਿੱਲੀ ਦੇ ਕਈ ਠੇਕੇਦਾਰਾਂ ਵਿੱਚੋਂ ਪਹਿਲਾ ਥਾਂ ਸੁਜਾਨ ਸਿੰਘ ਅਤੇ ਉਨ੍ਹਾਂ ਦੇ ਬਾਕਮਾਲ ਪੁੱਤਰ ਸੋਭਾ ਸਿੰਘ ਲਈ ਹੈ। ਉਹ ਲਿਖਦੇ ਹਨ ਕਿ ਇਹ ਪਰਿਵਾਰ ਹੋਰਾਂ ਠੇਕੇਦਾਰਾਂ ਦੇ ਮੁਕਾਬਲੇ ਵਿੱਚ ਅਮੀਰ ਅਤੇ ਵੱਧ ਤਜਰਬੇਕਾਰ ਸੀ।ਉਹ ਲਿਖਦੇ ਹਨ ਕਿ ਜਿੱਥੇ ਉਨ੍ਹਾਂ ਕੋਲ ਸ਼ਾਹਪੁਰ ਵਿੱਚ ਜ਼ਮੀਨ ਸੀ ਉੱਥੇ ਹੀ ਪੱਛਮੀ ਪੰਜਾਬ ਵਿੱਚ ਊਠਾਂ ਰਾਹੀਂ ਸਮਾਨ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣ ਦਾ ਵੱਡਾ ਵਪਾਰ ਸੀ।ਉਨ੍ਹਾਂ ਨੇ ਜਿੱਥੇ ਪੰਜਾਬ ਵਿੱਚ ਰੇਲਵੇ ਦੇ ਨਿਰਮਾਣ ਵਿੱਚ ਹਿੱਸਾ ਪਾਇਆ, ਉੱਥੇ ਹੀ ਕਾਲਕਾ ਸ਼ਿਮਲਾ ਲਾਈਨ ਦਾ ਵੱਡਾ ਹਿੱਸਾ ਬਣਾਉਣ ਦਾ ਕੰਮ ਵੀ ਉਨ੍ਹਾਂ ਨੂੰ ਮਿਲਿਆ। ਇਹ ਪਰਿਵਾਰ ਪਹਿਲੀ ਵਿਸ਼ਵ ਜੰਗ ਤੋਂ ਪਹਿਲਾਂ ਦਿੱਲੀ ਵਿੱਚ ਆਇਆ। ਕੱਪੜੇ ਦੇ ਵਪਾਰ ਵਿੱਚ ਹੱਥ ਅਜ਼ਮਾਉਣ ਤੋਂ ਬਾਅਦ ਉਨ੍ਹਾਂ ਆਪਣਾ ਧਿਆਨ ਇਮਾਰਤਾਂ ਬਣਾਉਣ ਦਾ ਠੇਕਾ ਲੈਣ ਦੇ ਕੰਮ ਵੱਲ੍ਹ ਦਿੱਤਾ।ਨਵੀਂ ਦਿੱਲੀ ਵਿੱਚ ਇਮਾਰਤਾਂ ਦੇ ਵੱਡੇ ਹਿੱਸੇ ਨੂੰ ਬਣਾਉਣ ਦਾ ਠੇਕਾ ਸੋਭਾ ਸਿੰਘ ਨੇ ਲਿਆ।ਸਾਊਥ ਬਲਾਕ, ਰਾਸ਼ਟਰਪਤੀ ਭਵਨ ਦਾ ਕੋਰਟ, ਵਿਜੈ ਚੌਂਕ, ਇੰਡੀਆ ਗੇਟ, ਬੜੌਦਾ ਹਾਊਸ, ਆਲ ਇੰਡੀਆ ਰੇਡੀਓ, ਨੈਸ਼ਨਲ ਮਿਊਜ਼ੀਅਮ, ਅਤੇ ਹੋਰ ਅਣਗਿਣਤ ਬੰਗਲੇ ਅਤੇ ਫੌਜੀਆਂ ਅਤੇ ਕਲਰਕਾਂ ਲਈ ਕੁਆਟਰ ਉਨ੍ਹਾਂ ਵੱਲੋਂ ਬਣਾਏ ਗਏ ਸਨ।ਸੋਭਾ ਸਿੰਘ ਦੀ ਇਸ ਨਵੇਂ ਸ਼ਹਿਰ ਬਾਰੇ ਸੋਚ ਲੁਟਿਅਨ ਅਤੇ ਬੇਕਰ ਨਾਲ ਮੇਲ ਖਾਂਦੀ ਸੀ। ਜਦੋਂ ਰਾਇਸੀਨਾ ਵਿਖੇ ਬੀਆਬਾਨ ਜੰਗਲ ਅਤੇ ਉਜਾੜ ਸੀ ਉਸ ਵੇਲੇ ਉਨ੍ਹਾਂ ਕਾਫੀ ਜ਼ਮੀਨ ਖੁੱਲ੍ਹੀ ਨਿਲਾਮੀ ਵਿੱਚ ਖ਼ਰੀਦੀ।ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ, ਅੱਜ ਜਿਸ ਥਾਂ ਉੱਤੇ ਕਰੋਲ ਬਾਗ ਹੈ ਉੱਥੇ ਕੁਝ ਪਲਾਟ ਦੋ ਆਨਾ ਪ੍ਰਤੀ ਸਕੁਅਰ ਫੁੱਟ ਮੁੱਲ ਉੱਤੇ ਖਰੀਦੇ ਗਏ ਸਨ। ਜਿੱਥੇ ਅੱਜ ਕਨਾਟ ਸਰਕਸ ਹੈ ਉੱਥੇ ਦੋ ਰੁਪਏ ਪ੍ਰਤੀ ਸਕੁਅਰ ਫੁੱਟ ਮੁੱਲ ਉੱਤੇ ਜ਼ਮੀਨ ਖਰੀਦੀ ਗਈ।ਹੋਰ ਠੇਕੇਦਾਰਾਂ ਦੇ ਨਾਲ-ਨਾਲ ਸੋਭਾ ਸਿੰਘ ਨੇ ਜ਼ਮੀਨ ਖਰੀਦੀ ਅਤੇ ਨਵੀਂ ਦਿੱਲੀ ਮੁਨਸੀਪਲ ਕਮੇਟੀ ਦੇ ਪ੍ਰਧਾਨ ਬਣੇ ਅਤੇ ਕਾਊਂਸਲ ਆਫ ਸਟੇਟਸ ਦੇ ਮੈਂਬਰ ਬਣੇ।ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਵੱਲੋਂ ਸਰ ਦੀ ਉਪਾਧੀ ਵੀ ਦਿੱਤੀ ਗਈ ਸੀ।ਸੋਭਾ ਸਿੰਘ ਨੇ ਆਪਣੇ ਪਿਤਾ ਦੇ ਨਾਂਅ ਉੱਤੇ ਹਾਊਸਿੰਗ ਅਪਾਰਟਮੈਂਟ ਬਣਾਇਆ ਜਿਸਦਾ ਨਾਂ ਉਨ੍ਹਾਂ ਆਪਣੇ ਪਿਤਾ ਦੇ ਨਾਮ ਉੱਤੇ ਸੁਜਾਨ ਸਿੰਘ ਪਾਰਕ ਰੱਖਿਆ।

**ਰਣਜੀਤ ਸਿੰਘ ਪੁੱਤਰ ਨਰਾਇਣ ਸਿੰਘ**

ਖੁਸ਼ਵੰਤ ਸਿੰਘ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਅੱਗੇ ਆਉਣ ਵਾਲੇ ਸੰਗਰੂਰ(ਜੀਂਦ) ਦੇ ਇੱਕ ਕਿਸਾਨ ਨਰਾਇਣ ਸਿੰਘ ਸਨ। ਉਹ ਰਾਜ ਦਰਬਾਰ ਦੇ ਪ੍ਰਬੰਧ ਲਈ ਜ਼ਿੰਮੇਵਾਰ ਸਨ।ਸੜਕਾਂ ਉੱਤੇ ਅਫ਼ਸਰਾਂ ਦੇ ਬੰਗਲਿਆਂ ਦਾ ਵੱਡਾ ਹਿੱਸਾ ਉਨ੍ਹਾਂ ਵੱਲੋਂ ਬਣਾਇਆ ਗਿਆ ਸੀ।ਇਸਦੇ ਨਾਲ ਹੀ ਉਨ੍ਹਾਂ ਰਾਸ਼ਟਰਪਤੀ ਭਵਨ ਦੀਆਂ ਨੀਹਾਂ ਨੂੰ ਤਿਆਰ ਕਰਨ ਦਾ ਕੰਮ ਵੀ ਪੂਰਾ ਕੀਤਾ ਸੀ।ਉਨ੍ਹਾਂ ਨੂੰ ਰਾਜ ਬਹਾਦੁਰ ਦਾ ਰੁਤਬਾ ਦਿੱਤਾ ਗਿਆ ਸੀ।ਉਨ੍ਹਾਂ ਦੇ ਕਈ ਪੁੱਤਰਾਂ ਵਿੱਚੋਂ ਰਣਜੀਤ ਸਿੰਘ ਸਭ ਤੋਂ ਵੱਧ ਸਫ਼ਲ ਹੋਏ।ਠੇਕੇਦਾਰੀ ਦੇ ਕੰਮ ਦੇ ਨਾਲ-ਨਾਲ ਉਨ੍ਹਾਂ ਇੰਪੀਰੀਅਲ ਹੋਟਲ ਸਮੇਤ ਹੋਰ ਜਾਇਦਾਦ ਵੀ ਖ਼ਰੀਦੀ ਅਤੇ ਉਹ ਪਾਰਲੀਮੈਂਟ ਮੈਂਬਰ ਵੀ ਬਣੇ।ਮਾਲਵਿਕਾ ਸਿੰਘ ਲਿਖਦੇ ਹਨ, ਉਨ੍ਹਾਂ ਨੇ ਇੰਪੀਰਿਅਲ ਹੋਟਲ ਅਤੇ ਕਰਜ਼ਨ ਰੋਡ ਉੱਤੇ ਇੱਕ ਘਰ ਬਣਾਇਆ।

**ਧਰਮ ਸਿੰਘ ਸੇਠੀ**

ਧਰਮ ਸਿੰਘ ਸੇਠੀ ਜੋ ਕਿਸੇ ਸਮੇਂ ਰਾਮ ਸਿੰਘ ਕਾਬਲੀ ਐਂਡ ਕੰਪਨੀ ਵਿੱਚ ਇੱਕ ਛੋਟੇ ਜਿਹੇ ਮੁਲਾਜ਼ਮ ਸਨ ਆਪਣੇ ਸਮੇਂ ਦੇ ਇੱਕ ਵੱਡੇ ਠੇਕੇਦਾਰਾਂ ਵਜੋਂ ਉੱਭਰੇ।ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸੰਗਮਰਮਰ ਅਤੇ ਪੱਥਰ ਦੀ ਸਪਲਾਈ ਵਿੱਚ ਵੱਡੀ ਭੂਮਿਕਾ ਰਹੀ।ਅਮਨਪ੍ਰੀਤ ਸਿੰਘ ਲਿਖਦੇ ਹਨ ਕਿ ਉਨ੍ਹਾਂ ਦਾ ਜਨਮ ਸਿਆਲਕੋਟ ਵਿਖੇ ਹੋਇਆ, ਮੁੱਢਲੀ ਪੜ੍ਹਾਈ ਤੋਂ ਬਾਅਦ ਉਹ ਸਿਵਲ ਇੰਜਨਿਅਰਿੰਗ ਦੀ ਪੜ੍ਹਾਈ ਲਈ ਰੁੜਕੀ ਚਲੇ ਗਏ ਅਤੇ ਬਰਮਾ ਵਿੱਚ ਪਬਲਿਕ ਵਰਕਸ ਡਿਪਾਰਟਮੈਂਟ ਦੇ ਇੰਜੀਨਿਅਰ ਵਜੋਂ ਕੰਮ ਕਰਨ ਲੱਗੇ।ਉਨ੍ਹਾਂ ਇੱਕ ਨਿਗਰਾਨ ਵਜੋਂ ਵੀ ਕੰਮ ਕੀਤਾ। ਪੂਨੀਤਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ ਇੱਕ ਹਿੰਦੂ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਨੂੰ ਬਹੁਤ ਗੁਰਬਾਣੀ ਵੀ ਕੰਠ ਸੀ।ਧਰਮ ਸਿੰਘ ਸੇਠੀ ਜੰਤਰ-ਮੰਤਰ ਸੜਕ ਤੇ ਸਥਿਤ ਇੱਕ ਆਲੀਸ਼ਾਨ ਘਰ ਵਿੱਚ ਰਹਿੰਦੇ ਸਨ ਜਿੱਥੇ ਅੱਜਕਲ ਇੱਕ ਰਾਜਨੀਤਿਕ ਪਾਰਟੀ ਦਾ ਦਫ਼ਤਰ ਹੈ।ਉਨ੍ਹਾਂ ਆਪਣੀ ਕਮਾਈ ਦਾ ਵੱਡਾ ਹਿੱਸਾ ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ ਲਈ ਰਾਖਵਾਂ ਕਰ ਦਿੱਤਾ, ਇਸ ਸੰਸਥਾ ਵੱਲੋਂ ਅੱਜ ਵੀ ਕਈ ਸਕੂਲ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਇਆ ਜਾਂਦਾ ਹੈ।ਪੂਨੀਤਾ ਸਿੰਘ ਨੇ ਦੱਸਿਆ ਕਿ ਉਹ ਰਾਸ਼ਟਰਪਤੀ ਭਵਨ ਦੀ ਉਸਾਰੀ ਵਿੱਚ ਵੀ ਸ਼ਾਮਲ ਸਨ।ਪੂਨੀਤਾ ਸਿੰਘ ਨੇ ਦੱਸਿਆ, ਮੇਰੇ ਦਾਦਾ ਜੀ ਸਰਦਾਰ ਅਰਜਨ ਸਿੰਘ, ਧਰਮ ਸਿੰਘ ਸੇਠੀ ਦੇ ਜਵਾਈ ਸਨ। ਉਨ੍ਹਾਂ ਦੱਸਿਆ ਕਿ ਸਰਦਾਰ ਅਰਜਨ ਸਿੰਘ ਨੂੰ ਸਰਦਾਰ ਬਹਾਦੁਰ ਦਾ ਖਿਤਾਬ ਮਿਲਿਆ ਸੀ, ਅਤੇ 'ਦ ਚਰਚ ਆਫ ਰਿਡੈਂਪਸ਼ਨ' ਉਨ੍ਹਾਂ ਵੱਲੋਂ ਹੀ ਬਣਾਈ ਗਈ ਸੀ। ਉਨ੍ਹਾਂ ਦੱਸਿਆ ਕਿ ਉਹ ਸੋਭਾ ਸਿੰਘ ਦੇ ਪਰਿਵਾਰ ਦੇ ਵੀ ਰਿਸ਼ਤੇਦਾਰ ਹਨ। ਮੇਰੀ ਮਾਂ ਦੇ ਪਿਤਾ ਸੋਭਾ ਸਿੰਘ ਦੇ ਛੋਟੇ ਭਰਾ ਸਨ। ਉਨ੍ਹਾਂ ਦੀ ਮੌਤ ਵਿਏਨਾ ਵਿੱਚ ਹੋਈ।

**ਬਸਾਖਾ ਸਿੰਘ**

ਅਮਨਪ੍ਰੀਤ ਸਿੰਘ ਗਿੱਲ ਲਿਖਦੇ ਹਨ ਕਿ ਸਰਦਾਰ ਬਸਾਖਾ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੁੱਛਲ ਦੇ ਰਹਿਣ ਵਾਲੇ ਸਨ। ਜੇਕਰ ਸਾਊਥ ਬਲਾਕ ਬਣਾਉਣ ਦਾ ਸਿਹਰਾ ਸੋਭਾ ਸਿੰਘ ਸਿਰ ਬੰਨ੍ਹਿਆ ਜਾਂਦਾ ਹੈ, ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਨੌਰਥ ਬਲਾਕ ਦਾ ਠੇਕਾ ਬਸਾਖਾ ਸਿੰਘ ਨੂੰ ਮਿਲਿਆ ਸੀ। ਉਨ੍ਹਾਂ ਨੇ ਇਹ ਕੰਮ ਸੋਭਾ ਸਿੰਘ ਵੱਲੋਂ ਸਾਊਥ ਬਲਾਕ ਬਣਾਏ ਜਾਣ ਤੋਂ ਇੱਕ ਦਿਨ ਬਾਅਦ ਪੂਰਾ ਕਰ ਲਿਆ ਸੀ।ਅਮਨਪ੍ਰੀਤ ਲਿਖਦੇ ਹਨ ਕਿ ਬਸਾਖਾ ਸਿੰਘ ਨਾਲ ਸਬੰਧਤ ਰਹੇ ਦਲੀਪ ਸਿੰਘ ਅਮਰੀਕਾ ਦੀ ਕਾਂਗਰਸ ਦੇ ਪਹਿਲੇ ਏਸ਼ੀਆਈ ਮੈਂਬਰ ਸਨ, ਜਦਕਿ ਉਨ੍ਹਾਂ ਨੂੰ ਠੇਕੇਦਾਰੀ ਦੇ ਕੰਮ ਵਿੱਚ ਉਨ੍ਹਾਂ ਦੇ ਦਾਦਾ ਜੀ ਵੱਲੋਂ ਲਿਆਂਦਾ ਗਿਆ ਸੀ।ਉਹ ਲਿਖਦੇ ਹਨ ਕਿ ਬਸਾਖਾ ਸਿੰਘ ਦਾ ਨਾਂ ਪੰਜਾਬ ਵਿਧਾਨ ਸਭਾ ਸਮੇਤ ਲਾਹੌਰ ਦੀਆਂ ਕਈ ਇਮਾਰਤਾਂ ਨਾਲ ਵੀ ਜੁੜਿਆ ਹੋਇਆ ਹੈ। ਬਸਾਖਾ ਸਿੰਘ ਨੇ 1930 ਵਿੱਚ ਗੁਰਦੁਆਰਾ ਸੀਸਗੰਜ ਦੀ ਇਮਾਰਤ ਬਣਾਉਣ ਵਿੱਚ ਵੀ ਯੋਗਦਾਨ ਪਾਇਆ, ਉਨ੍ਹਾਂ ਤਰਨਤਾਰਨ ਵਿੱਚ ਸੰਗਤ ਦੇ ਰਹਿਣ ਲਈ ਬੁੰਗਾ ਵੀ ਬਣਾਇਆ ਜਿਸਦਾ ਨਾਮ ਬੁੰਗਾ ਬਸਾਖਾ ਸਿੰਘ ਪਿਆ। ਬਸਾਖਾ ਸਿੰਘ ਨੇ 10 ਔਰੰਗਜ਼ੇਬ ਰੋਡ ਉੱਤੇ ਆਪਣਾ ਘਰ ਵੀ ਬਣਾਇਆ ਜੋ ਉਨ੍ਹਾਂ ਬਾਅਦ ਵਿੱਚ ਮੁਹੰਮਦ ਅਲੀ ਜਿਨਾਹ ਨੂੰ ਵੇਚ ਦਿੱਤਾ। ਅਮਰਪ੍ਰੀਤ ਲਿਖਦੇ ਹਨ, ਇਨ੍ਹਾਂ ਨੇ ਵੀ ਇੱਕ ਨਿਗਰਾਨ ਵਜੋਂ ਆਪਣਾ ਕੰਮ ਸ਼ੁਰੂ ਕੀਤਾ ਸੀ। ਉਨ੍ਹਾਂ ਸਕੱਤਰੇਤ ਦਾ ਪੂਰਾ ਨੌਰਥ ਬਲਾਕ ਅਤੇ ਅਫ਼ਸਰਾਂ ਦੇ ਕਈ ਬੰਗਲੇ ਬਣਾਏ।



# ਦੁਨੀਆਂ ਵਿੱਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਹਥਿਆਰ

## ਏ.ਕੇ.47



ਏ ਕੇ 47 ਇੱਕ ਅਜਿਹਾ ਹਥਿਆਰ ਹੈ ਜੋ ਜਿਸ ਦੇ ਵੀ ਹੱਥ ਵਿੱਚ ਆ ਜਾਵੇ, ਉਹ ਆਪਣੇ ਆਪ ਨੂੰ ਬਾਕੀ ਮਨੁੱਖਾਂ ਤੋਂ ਸ਼ਕਤੀਸ਼ਾਲੀ ਸਮਝਣ ਲੱਗ ਜਾਂਦਾ ਹੈ। ਇਹ ਜਿਸਵੀ ਅੱਤਵਾਦੀ, ਵੱਖਵਾਦੀ, ਡਰੱਗ ਮਾਫੀਆ ਜਾਂ ਬਦਮਾਸ਼ਾਂ ਦੇ ਹੱਥਲੱਗ ਜਾਵੇ, ਉਹ ਸਰਕਾਰਾਂ ਨੂੰ ਧਮਕਾਉਣ ਦੇ ਕਾਬਲ ਹੋ ਜਾਂਦੇ ਹਨ। ਤਾਲਿਬਾਨ ਹੋਣ ਜਾਂ ਅਲ ਕਾਇਦਾ, ਮੈਕਸੀਕਨ ਡਰੱਗ ਗੈਂਗ ਜਾਂ ਆਈ.ਐਸ., ਇਹ ਸਭ ਦਾ ਪਸੰਦੀਦਾ ਹਥਿਆਰ ਹੈ। ਪੰਜਾਬ ਵਿੱਚ ਅੱਤਵਾਦ ਦੇ ਦੌਰਾਨ ਅਨੇਕਾਂ ਨੌਜਵਾਨ ਏ.ਕੇ. 47 ਗਲ 'ਚ ਪਾ ਕੇ ਫੋਟੋ ਲੁਹਾਉਣ ਦੇ ਚਾਅ ਕਾਰਨ ਹੀ ਜਾਨਾਂ ਗਵਾ ਬੈਠੇ ਸਨ। ਪੰਜਾਬ ਦੇ ਕਥਿੱਤ ਵੀ.ਆਈ.ਪੀ. ਪਹਿਲਾਂ ਅਫਸਰਾਂ ਦੇ ਗੋਡੇ ਗਿੱਟੇ ਫੜ੍ਹ ਕੇ ਗੰਨਮੈਨ ਅਲਾਟ ਕਰਵਾਉਂਦੇ ਹਨ ਤੇ ਫਿਰ ਗੰਨਮੈਨ ਨੂੰ ਅਸਾਲਟ। ਇਹ ਏ.ਕੇ. 47ਹੁਣ ਤੱਕ ਕਿਸੇ ਵੀ ਹੋਰ ਹਥਿਆਰ ਤੋਂ ਵੱਧ ਬਣਾਇਆ ਜਾ ਚੁੱਕਾ ਹੈ। ਸੰਸਾਰ ਦੀਆਂ ਕੁੱਲ ਕਰੀਬ 70 ਕਰੋੜ ਰਾਈਫਲਾਂ ਵਿੱਚੋਂ 18 ਕਰੋੜ ਤੋਂ ਵੱਧ ਏ.ਕੇ.47 ਹਨ।

ਇਸ ਦੀ ਖੋਜ ਸੋਵੀਅਤ ਯੂਨੀਅਨ ਦੇ ਸੈਨਿਕ ਹਥਿਆਰ ਡਿਜ਼ਾਈਨਰ ਮਿਖਾਈਲ ਕਲੈਸ਼ਨੀਕੋਵ ਨੇ 1947 ਵਿੱਚ ਕੀਤੀ ਸੀ। ਏ.ਕੇ. 47 ਦਾ ਪੂਰਾ ਨਾਮ ਹੈ ਐਵਟੋਮੈਟ ਕਲੈਸ਼ਨੀਕੋਵਾ ਹੈ, ਜਿਸ ਦਾ ਮਤਲਬ ਹੈ ਕਲੈਸ਼ਨੀਕੋਵ ਦਾ ਆਟੋਮੈਟਿਕ ਹਥਿਆਰ। ਦੂਸਰੇ ਸੰਸਾਰ ਯੁੱਧ ਦੌਰਾਨ ਜਰਮਨੀ ਦੀ ਫੌਜ ਅਤਿ ਆਧੁਨਿਕ ਸਟਰਮਗੈਵਰ-44 ਰਾਈਫਲਾਂ ਨਾਲ ਲੈਸ ਸੀ ਜਿਸ ਨੇ ਰੂਸੀ ਫੌਜਾਂ ਦਾ ਸਖਤ ਜਾਨੀ ਨੁਕਸਾਨ ਕੀਤਾ ਸੀ। ਇਸ ਦੇ ਮੁਕਾਬਲੇ ਲਾਲ ਫੌਜ ਘਟੀਆ ਕਿਸਮ ਦੀ ਪੀ.ਪੀ.ਐਸ.ਐੱਚ-41 ਕਾਰਬਾਈਨ ਅਤੇ ਮੋਜ਼ਿਨ-ਨਗਾਂਟ ਬੋਲਟ ਐਕਸ਼ਨ ਰਾਈਫਲ ਨਾਲ ਲੈਸ ਸੀ। ਰੂਸੀ ਜੰਗ ਤਾਂ ਜਿੱਤ ਗਏ ਪਰ ਉਸ ਦੇ ਕਰੀਬ ਦੋ ਕਰੋੜ (ਉਸ ਵੇਲੇ ਰੂਸ ਦੀ ਕੁੱਲ ਅਬਾਦੀ 17 ਕਰੋੜ ਸੀ) ਸੈਨਿਕ ਅਤੇ ਆਮ ਨਾਗਰਿਕ ਇਸ ਜੰਗ ਵਿੱਚ ਮਾਰੇ ਗਏ ਸਨ। ਇਸ ਕਾਰਨ ਸੋਵੀਅਤ ਯੂਨੀਅਨ ਦੇ ਹਥਿਆਰ ਕਮਿਸ਼ਨ ਦੁਆਰਾ ਇੱਕ ਹਥਿਆਰ ਖੋਜ ਮੁਕਾਬਲਾ ਕਰਾਇਆ ਗਿਆ। 1943 ਵਿੱਚ ਕਲੈਸ਼ਨੀਕੋਵ ਨੇ ਆਪਣਾ ਮਾਡਲ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤਾ। ਕਮਿਸ਼ਨ ਇਸ ਅਤਿ ਸਰਲ ਅਤੇ ਆਧੁਨਿਕ ਮਾਡਲ ਤੋਂ ਐਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਫੌਰਨ ਮੰਨਜ਼ੂਰੀ ਦੇ ਦਿੱਤੀ।

1946 ਵਿੱਚ ਏ.ਕੇ. 47 ਨੂੰ ਮਿਲਟਰੀ ਟਰਾਇਲਾਂ ਲਈ ਪੇਸ਼ ਕੀਤਾ ਗਿਆ ਤੇ ਕਾਮਯਾਬ ਹੋਣ 'ਤੇ ਇਸ ਦਾ ਜੰਗੀ ਪੱਧਰ 'ਤੇ ਉਤਪਾਦਨ ਹੋਣ ਲੱਗਾ। 1949 ਤੱਕ ਜਿਆਦਾਤਰ ਰੂਸੀ ਅਤੇ ਵਾਰਸਾ ਸੰਧੀ ਦੇ ਦੇਸ਼ਾਂ ਦੀਆਂ ਫੌਜਾਂ ਏ.ਕੇ. 47 ਨਾਲ ਲੈਸ ਕਰ ਦਿੱਤੀਆਂ ਗਈਆਂ। ਕੋਰੀਆ ਅਤੇ ਵੀਅਤਨਾਮ ਜੰਗ ਦੌਰਾਨ ਉੱਤਰੀ ਕੋਰੀਆ ਅਤੇ ਵੀਅਤਨਾਮ ਨੂੰ ਸੋਵੀਅਤ ਸੰਘ ਦੁਆਰਾ ਖੁਲ੍ਹੇ ਦਿਲ ਨਾਲ ਅਸਾਲਟਾਂ ਸਪਲਾਈ ਕੀਤੀਆਂ ਗਈਆਂ। ਇਨ੍ਹਾਂ ਨੇ ਅਮਰੀਕੀ ਫੌਜਾਂ 'ਤੇ ਉਹ ਕਹਿਰ ਢਾਹਿਆ ਕਿ ਦੁਨੀਆਂ ਭਰ ਵਿੱਚ ਅਸਾਲਟ ਦੀਆਂ ਧੁੰਮਾਂ ਪੈ ਗਈਆਂ। ਵੀਅਤਨਾਮ ਜੰਗ ਵਿੱਚ ਤਾਂ ਇਹ ਹਾਲ ਸੀ ਕਿ ਅਮਰੀਕੀ ਫੌਜੀ ਆਪਣੀਆਂ ਐਮ-16 ਰਾਈਫਲਾਂ ਸੁੱਟ ਕੇ ਮਰੇ ਹੋਏ ਵੀਅਤਨਾਮੀ ਫੌਜੀਆਂ ਦੀਆਂ ਅਸਾਲਟਾਂ ਚੁੱਕ ਲੈਂਦੇ ਸਨ। ਇਸ ਤੋਂ ਬਾਅਦ ਇਸ ਵਿੱਚ ਨਿਰੰਤਰ ਸੁਧਾਰ ਹੁੰਦਾ ਗਿਆ। ਸੰਨ ਦੇ ਹਿਸਾਬ ਨਾਲਏ.ਕੇ. 47 ਤੋਂ ਬਾਅਦ ਏ.ਕੇ. 56, ਏ.ਕੇ-74, ਏ.ਕੇ. 94 ਅਤੇ ਏ.ਕੇ. 103 ਆਦਿ ਮਾਰਕੀਟ ਵਿੱਚ ਆ ਚੁੱਕੀਆਂ ਹਨ। ਇਸ ਵੇਲੇ ਭਾਰਤ, ਅਮਰੀਕਾ, ਰੂਸ ਅਤੇ ਪਾਕਿਸਤਾਨ ਸਮੇਤ ਸੰਸਾਰ ਦੇ ਕਰੀਬ 50 ਦੇਸ਼ਾਂ ਦੁਆਰਾ ਜਾਇਜ਼ ਨਜਾਇਜ਼ ਤਰੀਕੇ ਨਾਲ ਅਸਾਲਟ ਬਣਾਈ ਅਤੇ 175 ਦੇਸ਼ਾਂ ਦੀਆਂ ਫੌਜਾਂ ਦੁਆਰਾ ਵਰਤੀ ਜਾ ਰਹੀ ਹੈ। ਚੀਨ ਸਭ ਤੋਂ ਵੱਧ ਅਸਾਲਟਾਂ ਬਲੈਕ ਮਾਰਕੀਟ ਵਿੱਚਅੱਤਵਾਦੀਆਂ ਨੂੰ ਵੇਚਣ ਲਈ ਬਦਨਾਮ ਹੈ। ਸਸਤੀਆਂ ਨਕਲਾਂ, ਜਿਵੇਂ ਪਾਕਿਸਤਾਨ ਦੇ ਦਰਾ ਖੈਬਰ ਵਿੱਚ ਬਣਨ ਵਾਲੀ ਦੇਸੀ ਅਸਾਲਟ ਦੀ ਔਸਤ ਕੀਮਤ 1000 ਅਮਰੀਕਨ ਡਾਲਰ (85000 ਰੁ.) ਦੇ ਬਰਾਬਰ ਹੈ।

ਇਹ ਇੱਕੋ ਇੱਕ ਮਾਡਰਨ ਹਥਿਆਰ ਹੈ ਜਿਸ ਨੂੰ ਕਿਸੇ ਦੇਸ਼ ਦੇ ਝੰਡੇ 'ਤੇ ਜਗ੍ਹਾ ਮਿਲੀ ਹੈ। ਮੌਜ਼ੰਬਬੀਕ ਦੇ ਝੰਡੇ 'ਤੇ ਏ.ਕੇ.47 ਦੀ ਫੋਟੋ ਬਣੀ ਹੋਈ ਹੈਕਿਉਂਕਿ ਇਸ ਨੇ ਉਨ੍ਹਾਂ ਦੀ ਅਜ਼ਾਦ ਹੋਣ ਵਿੱਚ ਮਦਦ ਕੀਤੀ ਸੀ। ਅਸਾਲਟ ਦੇ ਸੰਸਾਰ ਪੱਧਰ 'ਤੇ ਲੋਕਪ੍ਰਿਯ ਬਣਨ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਹ ਬਹੁਤ ਹੀ ਕਾਰਗਰ ਹੈ ਤੇ ਬਣਾਉਣੀ ਸਸਤੀ ਪੈਂਦੀ ਹੈ। ਇਹ ਪਾਣੀ, ਮਿੱਟੀ ਘੱਟੇ, ਬਰਫਬਾਰੀ ਅਤੇ ਤਪਦੇ ਰੇਗਸਤਾਨ ਵਿੱਚ ਵੀ ਖਰਾਬ ਨਹੀਂ ਹੁੰਦੀ। ਇਸ ਵਿੱਚ ਚਾਲ ਦੇ ਪੁਰਜ਼ੇ ਮਜ਼ਬੂਤ ਅਤੇ ਬਹੁਤ ਹੀ ਘੱਟ ਲਗਾਏ ਗਏ ਹਨ ਤਾਂ ਜੋ ਰੁਕਾਵਟਾਂ ਨਾ ਪੈਣ। ਇਸ ਦਾ ਗੈਸ ਪਿਸਟਨ ਵੱਡਾ ਹੈ ਤੇ ਉਸ ਵਿੱਚ ਵਾਰ ਵਾਰ ਐਡਜਸਟਮੈਂਟ ਨਹੀਂ ਕਰਨੀ ਪੈਂਦੀ। ਇਸ ਵਿੱਚ ਗੈਸ ਵਾਲਵ ਨਹੀਂ ਹੈ ਅਤੇ ਵਾਧੂ ਗੈਸ ਆਪਣੇ ਆਪ ਬਾਹਰ ਨਿਕਲ ਜਾਂਦੀ ਹੈ। ਇਸ ਨਾਲ ਸਿੰਗਲਫਾਇਰ ਜਾਂ ਬਰਸਟ ਮਾਰੇ ਜਾ ਸਕਦੇ ਹਨ। ਪੰਜਾਬ ਪੁਲਿਸ ਨੂੰ ਅੱਤਵਾਦ ਦੇ ਦਿਨਾਂ ਵਿੱਚ ਅਸਾਲਟਾਂ ਮਿਲੀਆਂ ਸਨ। ਉਨ੍ਹਾਂ ਵਿੱਚੋਂ ਹੁਣ ਤੱਕ ਕਿਸੇ ਐਕਸੀਡੈਂਟ ਵਿੱਚ ਟੁੱਟ ਭੱਜ ਜਾਣ ਤੋਂ ਇਲਾਵਾ ਕੋਈ ਇੱਕ ਅੱਧੀ ਹੀ ਕੰਡਮ ਹੋਈ ਹੋਵੇਗੀ।

ਇਸ ਨੂੰ 30 ਗੋਲੀਆਂ ਵਾਲੇ ਸਧਾਰਨ ਜਾਂ 75 ਗੋਲੀਆਂ ਵਾਲੇ ਡਰੰਮ ਮੈਗਜ਼ੀਨ ਲੱਗਦੇ

**ਬਲਰਾਜ ਸਿੰਘ ਸਿੱਧੂ ਕਮਾਂਡੈਂਟ (ਰਿਟਾਇਰਡ)**
**ਪੰਡੋਰੀ ਸਿੱਧਵਾਂ 9501100062**

ਹਨ।ਮੈਗਜ਼ੀਨ ਥੋੜ੍ਹਾ ਜਿਹਾ ਅੱਗੇ ਵੱਲ ਮੁੜਿਆ ਹੋਇਆ ਕਾਰਨ ਸਪਰਿੰਗ ਗੋਲੀ ਨੂੰ ਉੱਪਰ ਵੱਲ ਅਸਾਨੀ ਨਾਲ ਧੱਕ ਦੇਂਦਾ ਹੈ। ਅਸਾਲਟ ਆਮ ਤੌਰ 'ਤੇ ਦਸ ਤੋਂ ਪੰਦਰਾਂ ਹਜ਼ਾਰ ਗੋਲੀਆਂ ਫਾਇਰ ਕਰਨ ਲਈ ਡਿਜ਼ਾਈਨ ਕੀਤੀ ਗਈ ਸੀ ਪਰ ਥੋੜ੍ਹੀ ਬਹੁਤੀ ਮੁਰੰਮਤ ਨਾਲ ਇਹ ਸਾਲਾਂ ਬੱਧੀ ਚੱਲਦੀ ਰਹਿੰਦੀ ਹੈ। ਸਟੈਂਡਰਡ ਅਸਾਲਟ ਦਾ ਖਾਲੀ ਮੈਗਜ਼ੀਨ ਸਮੇਤ ਭਾਰ ਕਰੀਬ ਚਾਰ ਕਿੱਲੋ, ਲੱਕੜ ਦੇ ਬੱਟ ਨਾਲ ਲੰਬਾਈ 35 ਇੰਚ, ਫੋਲਡ ਹੋਏ ਬੱਟ ਨਾਲ 26 ਇੰਚ, ਨਾਲੀ ਦੀ ਲੰਬਾਈ 16.3 ਇੰਚ, ਕਾਰਤੂਸ 7.62 ਗੁਣਾ 39 ਮਿ.ਮੀ., ਫਾਇਰ ਸਪੀਡ 600 ਰੌਂਦ ਪ੍ਰਤੀ ਮਿੰਟ ਅਤੇ ਅਸਰਦਾਰ ਮਾਰ 350 ਮੀਟਰ ਤੱਕ ਹੈ। ਇਸ ਨਾਲ ਸੰਗੀਨ ਅਤੇ ਗਰਨੇਡ ਲਾਂਚਰ ਵੀ ਫਿੱਟ ਹੋ ਸਕਦੇ ਹਨ।

ਇਸ ਦੇ ਡਿਜ਼ਾਈਨਰ ਲੈਫਟੀਨੈਂਟ ਜਨਰਲ ਮਿਖਾਈਲ ਤਿਮੋਫੇਯੇਵਿਚ ਕਲੈਸ਼ਿਨਕੋਵ ਦਾ ਜਨਮ 10 ਨਵੰਬਰ 1919 ਨੂੰ ਰੂਸ ਦੇ ਇਲਾਕੇ ਅਲਤਾਈ ਕਰਾਈ ਦੇ ਪਿੰਡ ਕੁਰੀਆ ਦੇ ਇੱਕ ਕਿਸਾਨ ਪਰਿਵਾਰ ਵਿੱਚ ਹੋਇਆ ਸੀ। ਉਸ ਦੇ ਪਿਤਾ ਦਾ ਨਾਮ ਤਿਮੋਫੇ ਅਲੈਕਜ਼ੈਂਦਰੋਵਿਚ ਕਲੈਸ਼ਨੀਕੋਵ ਅਤੇ ਮਾਤਾ ਦਾ ਨਾਮ ਅਲੈਕਜ਼ੈਂਦਰਾ ਫਰੋਲੋਵਨਾ ਕਲੈਸ਼ਨੀਕੋਵਾ ਸੀ। ਉਨ੍ਹਾਂ ਦੇ 19 ਬੱਚੇ ਸਨ ਪਰ 8 ਹੀ ਬਚ ਸਕੇ ਤੇ ਮਿਖਾਈਲ ਦਾ ਨੰਬਰ 17ਵਾਂ ਸੀ। 1930 ਵਿੱਚ ਸਰਕਾਰ ਨੇਕੁਲਕ (ਜਾਗੀਰਦਾਰ) ਹੋਣ ਦਾ ਇਲਜ਼ਾਮ ਲਗਾ ਕੇ ਉਨ੍ਹਾਂ ਦੀ ਜ਼ਮੀਨ ਜ਼ਬਤ ਕਰ ਲਈਤੇ ਸਾਇਬੇਰੀਆ ਦੇ ਨਿਜ਼ਨਿਯਾਯਾ ਮੋਖੋਵਾਯਾ ਨਾਮਕ ਪਿੰਡ ਵਿੱਚ ਜਲਾਵਤਨ ਕਰ ਦਿੱਤਾ ਗਿਆ।ਬਚਪਨ ਤੋਂ ਹੀ ਉਸ ਨੂੰ ਮਸ਼ੀਨਾਂ ਦਾ ਬਹੁਤ ਸ਼ੌਕ ਸੀ। 1938 ਵਿੱਚ ਸਕੂਲੀ ਪੜ੍ਹਾਈ ਖਤਮ ਕਰਨ ਤੋਂ ਬਾਅਦ 19 ਸਾਲ ਦੀ ਉਮਰ ਵਿੱਚ ਉਹ ਫੌਜ ਵਿੱਚ ਬਤੌਰ ਟੈਂਕ ਮਕੈਨਿਕ ਭਰਤੀ ਹੋ ਗਿਆ ਤੇ ਤਰੱਕੀ ਕਰਦਾ ਹੋਇਆ ਟੈਂਕ ਕਮਾਂਡਰ ਬਣ ਗਿਆ। ਉਸ ਨੇ ਦੂਸਰੀ ਸੰਸਾਰ ਜੰਗ ਵਿੱਚ ਹਿੱਸਾ ਲਿਆ ਅਤੇ ਅਕਤੂਬਰ 1941 ਨੂੰ ਜਰਮਨੀ ਨਾਲ ਹੋਈ ਬਰਿਆਂਸਕ ਦੀ ਲੜਾਈ ਵਿੱਚ ਗੰਭੀਰ ਜ਼ਖਮੀ ਹੋ ਗਿਆ। ਉਹ ਅਪਰੈਲ 1942 ਤੱਕ ਹਸਪਤਾਲ ਵਿੱਚ ਦਾਖਲ ਰਿਹਾ। ਹਸਪਤਾਲ ਵਿੱਚ ਬਾਕੀ ਜ਼ਖਮੀ ਸੈਨਿਕ ਰੂਸੀ ਰਾਈਫਲਾਂ ਦੇ ਘਟੀਆ ਹੋਣ ਬਾਰੇ ਬਹੁਤ ਨੁਕਤਾਚੀਨੀ ਕਰਦੇ ਸਨ ਜਿਸ ਕਾਰਨ ਉਸ ਦੇ ਮਨ ਵਿੱਚ ਨਵੀਂ ਰਾਈਫਲ ਈਜ਼ਾਦ ਕਰਨ ਦਾ ਫੁਰਨਾ ਫੁਰਿਆ।

ਉਸ ਨੇ ਸਭ ਤੋਂ ਪਹਿਲਾਂ ਇੱਕ ਸਬ ਮਸ਼ੀਨਗੰਨ ਦੀ ਕਾਢ ਕੀਤੀ ਜੋ ਫੌਜ ਦੁਆਰਾ ਮੰਨਜ਼ੂਰ ਨਾ ਕੀਤੀ ਗਈ,ਪਰ ਸਭ ਨੇ ਉਸ ਨੇ ਯਤਨ ਦੀ ਸ਼ਲਾਘਾ ਕੀਤੀ। 1944 ਵਿੱਚ ਉਸ ਨੇ ਫਿਰ ਇੱਕ ਕਾਰਬਾਈਨ ਦੀ ਕਾਢ ਕੱਢੀ ਜੋ ਮੁਕਾਬਲੇ ਵਿੱਚ ਸਿਮੋਨੋਵ ਕਾਰਬਾਈਨ ਤੋਂ ਹਾਰ ਗਈ। ਪਰ ਉਸ ਨੇ ਹੌਸਲਾ ਨਾ ਛੱਢਿਆ ਤੇ 1947 ਵਿੱਚ ਲਾਸਾਨੀ ਰਾਈਫਲ, ਏ.ਕੇ. 47 ਦੁਨੀਆਂ ਸਾਹਮਣੇ ਆ ਗਈ। ਇਸ ਤੋਂ ਇਲਾਵਾ ਉਸ ਨੇ ਏ.ਕੇ. 74, ਏ.ਕੇ.ਐਮ., ਏ.ਕੇ. 101, ਏ.ਕੇ.102 ਅਤੇ ਪੀ.ਕੇ. ਨਾਮ ਦੀ ਹੈਵੀ ਮਸ਼ੀਨ ਗੰਨ ਆਦਿ ਦੇ ਡਿਜ਼ਾਈਨ ਵੀ ਤਿਆਰ ਕੀਤੇ।1949 ਤੋਂ ਬਾਅਦ ਉਹ ਇਜੇਵਸਕ ਸ਼ਹਿਰ ਵਿੱਚ ਨੌਕਰੀ ਕਰਦਾ ਰਿਹਾ ਤੇ ਟੈਕਨੀਕਲ ਸਾਇੰਸ ਵਿੱਚ ਡਾਕਟਰੇਟ ਕੀਤੀ। ਉਹ 16 ਅਕੈਡਮੀਆਂ ਦਾ ਮੈਂਬਰ ਸੀ ਤੇ ਜਦੋਂ ਸੰਨ 2000 ਵਿੱਚ ਉਹ ਸਰਕਾਰੀ ਸੱਦੇ 'ਤੇ ਅਮਰੀਕਾ ਗਿਆ ਤਾਂ ਉਸ ਦਾ ਬੇਮਿਸਾਲ ਸਵਾਗਤ ਹੋਇਆ। ਉਹ ਆਪਣੀ ਖੋਜ 'ਤੇ ਬਹੁਤ ਮਾਣ ਕਰਦਾ ਸੀ ਪਰ ਕਈ ਵਾਰ ਏ.ਕੇ. 47 ਕਾਰਨ ਹੋ ਰਹੀਆਂ ਮੌਤਾਂ ਬਾਰੇ ਸੋਚ ਕੇ ਪਰੇਸ਼ਾਨ ਵੀ ਹੋ ਜਾਂਦਾ ਸੀ।ਉਸ ਦੀ ਪਤਨੀ ਵਿਕਟੋਰੋਵਨਾਮੋਈਸੇਯਾਵਾ ਇੰਜੀਨੀਅਰ ਸੀ ਤੇਉਨ੍ਹਾਂ ਦੇ ਚਾਰ ਬੱਚੇ ਸਨ, ਨੈਲੀ, ਈਲੀਨਾ ਅਤੇ ਨਤਾਲਿਆ ਨਾਮਕਤਿੰਨ ਲੜਕੀਆਂ ਤੇ ਵਿਕਟਰ ਨਾਮ ਦਾ ਇੱਕ ਲੜਕਾ।ਆਪਣੇ ਪਿਤਾ ਵਾਂਗ ਵਿਕਟਰ ਵੀ ਇੱਕ ਮਸ਼ਹੂਰ ਹਥਿਆਰ ਡਿਜ਼ਾਈਨਰ ਹੈ। 23 ਦਸੰਬਰ 2013 ਨੂੰ ਮਿਖਾਈਲ ਦੀ 94 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਉਹ ਉਨ੍ਹਾਂ ਚੰਦ ਰੂਸੀਆਂ ਵਿੱਚ ਸ਼ਾਮਲ ਹੈ ਜਿਨ੍ਹਾਂ ਨੂੰ ਫੈਡਰਲ ਮਿਲਟਰੀ ਮੈਮੋਰੀਅਲ ਕਬਰਿਸਤਾਨ (ਮਾਸਕੋ) ਵਿਖੇ ਦਫਨ ਹੋਣ ਦਾ ਸਨਮਾਨ ਹਾਸਲ ਹੈ।

ਰੂਸ ਨੇ ਉਸ ਨੂੰ ਅਤਿਅੰਤ ਇੱਜ਼ਤ ਬਖਸ਼ੀ ਹੈ। ਉਸ ਨੂੰ ਸਰਵਉੱਚ ਸਨਮਾਨ ਆਰਡਰ ਆਫ ਲੈਨਿਨ ਅਤੇ ਹੀਰੋ ਆਫ ਸੋਵੀਅਤ ਯੂਨੀਅਨ ਤੋਂ ਇਲਾਵਾ ਹੀਰੋ ਆਫ ਸੋਸ਼ਲਿਸਟ ਲੇਬਰ, ਆਰਡਰ ਆਫ ਰੈੱਡ ਸਟਾਰ ਅਤੇ ਹੀਰੋ ਆਫ ਰਸ਼ੀਅਨ ਫੈਡਰੇਸ਼ਨ ਸਮੇਤ 100 ਦੇ ਕਰੀਬ ਮੈਡਲ, ਸਨਮਾਨ ਅਤੇ ਅਨੇਕਾਂ ਯੂਨੀਵਰਸਿਟੀਆਂ ਵੱਲੋਂ ਆਨਰੇਰੀ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। 2012 ਵਿੱਚ ਇਜੇਵਸਕ ਸਟੇਟ ਟੈਕਨੀਕਲ ਯੂਨੀਵਰਸਿਟੀ ਦਾ ਨਾਲ ਉਸ ਦੇ ਨਾਮ 'ਤੇ ਰੱਖਿਆ ਗਿਆ ਤੇ 7 ਨਵੰਬਰ 2014 ਨੂੰ ਉਸ ਦਾ ਬੁੱਤ ਆਰਮੀਨੀਆਂ ਦੇ ਸ਼ਹਿਰ ਯੂਮਰੀ ਵਿਖੇ ਸਥਾਪਿਤ ਕੀਤਾ ਗਿਆ। ਦੁਨੀਆਂ ਦਾ ਹੋਰ ਕੋਈ ਵੀ ਹਥਿਆਰ ਅਤੇ ਹਥਿਆਰ ਨਿਰਮਾਤਾ ਅਜਿਹੀ ਪ੍ਰਸਿੱਧੀ ਪ੍ਰਾਪਤ ਨਹੀਂ ਕਰ ਸਕਿਆ। ਰੂਸੀ ਸਰਕਾਰ ਨੇ ਕੁਝ ਸਾਲ ਪਹਿਲਾਂ ਉਸ ਦਾ ਇੱਕ ਸੱਤ ਮੀਟਰ ਉੱਚਾ ਕਾਂਸੇ ਦਾ ਬੁੱਤ ਰਾਜਧਾਨੀ ਮਾਸਕੋ ਵਿਖੇ ਸਥਾਪਿਤ ਕੀਤਾ ਹੈ।

# ਜੇਕਰ ਚਾਹੁੰਦੇ ਹੋ ਤਲਾਕ ਜਿਹੀ ਸਮੱਸਿਆ ਨਾ ਆਵੇ




ਸਾਡੀ ਜਿੰਦਗੀ ਵਿੱਚ ਪਤੀ ਪਤਨੀ ਜਿਹਾ ਗੂੜਾ ਰਿਸ਼ਤਾ ਤੇ ਜੀਵਨ ਭਰ ਇੱਕਠਿਆਂ ਰਹਿ ਕੇ ਦੁੱਖ,ਸੁੱਖ ਦੇ ਭਾਈਵਾਲ ਹੋਣਾ ਕੋਈ ਆਮ ਜਿਹਾ ਰਿਸ਼ਤਾ ਨਹੀ ਹੁੰਦਾ। ਬੇਸਰਤੇ ਪਤੀ,ਪਤਨੀ ਦੋਨੋ ਹੀ ਇਸ ਰਿਸ਼ਤੇ ਨੂੰ ਵਫਾਦਾਰੀ,ਸੱਚਾਈ ਤੇ ਪ੍ਰਪੱਕਤਾ ਨਾਲ ਨਿਭਾਉਣ।ਪਰ ਕਿਤੇ ਨਾ ਕਿਤੇ ਰਿਸ਼ਤੇ ਵਿੱਚ ਮਨ,ਮਟਾਵ,ਝੂਠ,ਬੇਵਫਾਈ,ਬੋਲ ਚਾਲ ਦੇ ਤਿੱਖੇ ਤੀਰ ਇਸ ਰਿਸ਼ਤੇ ਨੂੰ ਤੋੜ ਦਿੰਦੇ ਹਨ ਤੇ ਸੱਮਸਿਆ ਤਲਾਕ ਤੱਕ ਆ ਪੁੰਹਚਦੀ ਹੈ । ਜੇਕਰ ਚੁੰਹਦੇ ਹੋ ਕੇ ਤਲਾਕ ਤੋ ਬਚਿਆ ਜਾਵੇ ਤਾਂ ਇੰਨਾ ਗੱਲਾ ਵੱਲ ਜਰੂਰ ਧਿਆਨ ਦਿਉ ਜੀ। ਸਭ ਤੋ ਪਹਿਲਾ ਤਾਂ ਬੱਚੇ,ਬੱਚੀ ਦਾ ਰਿਸ਼ਤਾ ਹੋਣ ਵੇਲੇ ਦੋਨਾ ਪ੍ਰੀਵਾਰਾ ਦੀ ਸਹਿਮਤੀ ਹੋਵੇ। ਬੱਚਿਆ ਦੀ ਸਹਿਮਤੀ ਹੋਣਾ ਬਹੁਤ ਅਹਿਮ ਹੁੰਦਾ ਹੈ ਜੀ ਅਤੇ ਦੋਨਾ ਬੱਚਿਆ ਦੀ ਸਹਿਮਤੀ ਤੋ ਬਾਅਦ ਹੀ ਰਿਸ਼ਤਾ ਪੱਕਾ ਕਰੋ।ਯਾਦ ਰੱਖੋ ਦੁਲਹਨ ਹੀ ਦਹੇਜ ਹੈ।ਇਸ ਨਾਲ ਲੜਕੀ ਸੁਹਰੇ ਘਰ ਵਿੱਚ ਆ ਕੇ ਜਲਦੀ ਘੁਲ-ਮਿਲ ਜਾਵੇਗੀ।ਬੱਚੀ ਨੂੰ ਸੁਹਰੇ ਪ੍ਰੀਵਾਰ ਨਾਲ ਗਿਲਾ ਤੇ ਮਨ ਵਿੱਚ ਰੋਸ ਨਹੀ ਰਹੇਗਾ ਕਿ ਇੰਨਾ ਨੇ ਮੇਰੇ ਪਿਤਾ ਨੂੰ ਕਰਜਈ ਕਰ ਦਿੱਤਾ ਹੈ। ਦੋਸਤੋ ਜੇਕਰ ਚੁੰਹਦੇ ਹੋ ਰਿਸ਼ਤੇ ਵਿੱਚ ਮਿਠਾਸ ਤੇ ਉਮਰ ਭਰ ਦਾ ਸਾਥ ਤਾਂ ਪਤੀ,ਪਤਨੀ ਤੇ ਦੋਨਾ ਪ੍ਰੀਵਾਰਾ ਨੂੰ ਰਲ,ਮਿਲ ਕੇ ਰਹਿਣਾ ਚਾਹੀਦਾ ਹੈ।ਕਦੇ ਕੋਈ ਐਸੀ ਗੱਲ ਨਾ ਕਰੋ ਜਿਸ ਨਾਲ ਘਰ ਵਿੱਚ ਵਿਵਾਦ ਖੜਾ ਹੋ ਜਾਵੇ।ਲੜਕੀ ਨੂੰ ਵੀ ਚਾਹੀਦਾ ਹੈ ਕਿ ਸੱਸ, ਸੌਹਰੇ ਦਾ ਸਤਿਕਾਰ ਕਰੇ ਕੋਈ ਐਸਾ ਕੰਮ ਨਾ ਕਰੇ ਕਿ ਪਤੀ,ਪਤਨੀ ਵਿੱਚ ਜਾਂ ਸੁਹਰੇ ਘਰ ਵਿੱਚ ਵੱਖਰੇਵਾ ਖੜਾਂ ਹੋ ਜਾਵੇ ਤੇ ਗੱਲ ਆਖਰ ਤਲਾਕ ਤੱਕ ਪੰਹੁਚ ਜਾਵੇ।ਪਤੀ,ਪਤਨੀ ਇੱਕ ਗੱਡੀ ਦੇ ਦੋ ਪਹੀਏ ਹੁੰਦੇ ਹਨ।ਜੇਕਰ ਇੱਕ ਨਾ ਹੋਵੇ ਤਾਂ ਦੂਜਾ ਵੀ ਬੇਕਾਰ ਹੋ ਜਾਦਾ ਹੈ।ਤੇ ਦੋਸਤੋ ਯਾਦ ਰੱਖਣਾ ਬੇਕਾਰ ਚੀਜ ਦੀ ਕੋਈ ਕੀਮਤ ਨਹੀ ਹੁੰਦੀ।ਇਸ ਲਈ ਰਿਸ਼ਤੇ ਵਿਚ ਵਿਸ਼ਵਾਸ ਤੇ ਇੱਕਸੁਰਤਾ ਬਣਾ ਕੇ ਰੱਖੋ।ਸੁਹਰਾ ਘਰ

**ਪਰਮਜੀਤ ਕੌਰ ਸੋਢੀ**
**94786 58384**

ਹੁਣ ਤੁਹਾਡਾ ਆਪਣਾ ਅਸਲੀ ਘਰ ਹੈ ।ਇਸ ਲਈ ਰਿਸ਼ਤੇ ਨੂੰ ਸਹੀ ਢੰਗ ਨਾਲ ਨਿਭਾਉਣ ਲਈ ਵਿਸ਼ਵਾਸ਼,ਸਹਿਣਸ਼ੀਲਤਾ,ਮਿਠਾਸ,ਨਿਮਰਤਾ,ਲੱਜਾ ਜਿਹੇ ਗੁਣ ਹੋਣੇ ਲਾਜਮੀ ਹਨ।ਤਾਂ ਜੋ ਇਸ ਰਿਸ਼ਤੇ ਨੂੰ ਪ੍ਰਪੱਕਤਾ ਨਾਲ ਨਭਾਇਆਂ ਜਾ ਸਕੇ।ਇਹ ਰਿਸ਼ਤਾ ਪਤੀ ਨਾਲੋ ਥੋੜਾ ਨੀਵੇ ਹੋ ਕੇ ਬਾਖੂਬੀ ਨਿਭਾਇਆ ਜਾ ਸਕਦਾ ਹੈ।ਜਰੂਰੀ ਨਹੀ ਜੋ ਗੱਲ ਪਤੀ ਦੇਵ ਕਰ ਰਿਹਾ ਹੈ ਆਪਾ ਉਸਦਾ ਜਵਾਬ ਉਸਦੀ ਬੋਲੀ ਵਿੱਚ ਉਸੇ ਟਾਇਮ ਹੀ ਦਈਏ।ਇਸ ਲਈ ਲੋੜ ਹੁੰਦੀ ਹੈ ਟਾਇਮ ਵਿਚਾਰਨ ਦੀ,ਸੋਚ ਸਮਝ ਕੇ ਮਿੱਠੇ ਬੋਲ ਬੋਲਕੇ ਸਹਿਜਤਾ ਭਰੇ ਲਫਜਾ ਵਿੱਚ ਆਪਾ ਆਪਣੀ ਗੱਲ ਕਹਿ ਸਕਦੇ ਹਾਂ।ਮੈ ਇਹ ਨਹੀ ਕਹਾਗੀ ਕਿ ਲੜਕੀਆ ਪਤੀ ਦੀ ਹਰ ਤ੍ਰਰਾ ਦੀ ਬਦਸਲੂਕੀ ਸਹਿਣ ਕਰਣ ਪਰ ਥੋੜੀ ਜਿਹੀ ਨਰਮਾਈ ਤੇ ਸਮਝਦਾਰੀ ਨਾਲ ਤਲਾਕ ਜਿਹੀ ਸੱਮਸਿਆ ਤੋ ਬਚਿਆ ਜਾ ਸਕਦਾ ਹੈ।ਤੇ ਤੁਸੀ ਆਪਣੇ ਸੁਹਰੇ ਪਰਿਵਾਰ ਵਿੱਚ ਸਭ ਦੇ ਹਰਮਨ ਪਿਆਰੇ ਬਣ ਜਾਦੇ ਹੋ।ਕਿਉਕਿ ਇੱਕ ਨੂੰਹ ਤੋ ਹਰ ਕੋਈ ਘਰ ਨੂੰ ਜੋੜ ਕੇ ਰੱਖਣ ਦੀ ਹੀ ਉਮੀਦ ਰੱਖਦਾ ਹੈ। ਤਲਾਕ ਨਾਲ ਦੋ,ਦੋ ਜਿੰਦਗੀਆ ਬਰਬਾਦ ਹੁੰਦੀਆ ਹਨ ਤੇ ਨਾਲ,ਨਾਲ ਬੱਚਿਆ ਤੇ ਵੀ ਇਸਦਾ ਬੁਰਾ ਅਸਰ ਪੈਦਾ ਹੈ।ਬੱਚੇ ਨੂੰ ਤਾਂ ਪਤਾ ਵੀ ਨਹੀ ਹੁੰਦਾ ਕਿ ਮੰਮੀ,ਪਾਪਾ ਵਿੱਚ ਕੀ ਹੋ ਰਿਹਾ ਹੈ।ਪਰ ਫਿਰ ਵੀ ਸਭ ਤੋ ਵੱਡੀ ਸਜਾ ਵਿਚਾਰੇ ਨਿਰਦੋਸ਼ ਨੂੰ ਮਿਲਦੀ ਹੈ।ਉਸਨੂੰ ਤਾਂ ਮਾਂ,ਬਾਪ ਦੋਨਾ ਦਾ ਪਿਆਰ ਹੀ ਚਾਹੀਦਾ ਹੁੰਦਾ ਹੇ।ਪਰ ਜਦੋ ਮਾਂ ਬਾਪ ਦਾ ਤਲਾਕ ਹੋ ਜਾਦਾ ਹੈ ਤਾਂ ਪਿਆਰ ਵਿਹੂਣਾ ਬੱਚਾ ਤਿਲ,ਤਿਲ ਮਰਦਾ ਹੈ।ਬੱਚੇ ਦੀ ਸੋਚਣ ਸਕਤੀ ਘੱਟ ਜਾਦੀ ਹੈ,ਵਿਕਾਸ ਰੁਕ ਜਾਦਾ ਹੈ,ਬੱਚਾ ਜਿੱਦੀ ਹੋ ਜਾਦਾ ਹੈ ।ਇਸ ਤਰਾ ਦੇ ਬੱਚੇ ਮਾਨਸਿਕ ਤੌਰ ਤੇ ਕੰਮਜੋਰ ਹੋ ਜਾਦੇ ਹਨ।ਜਿਸ ਦਾ ਇਲਾਜ ਕਰਨਾ ਔਖਾ ਹੋ ਜਾਦਾ ਹੈ ਕਿਉਕਿ ਬੱਚੇ ਨੂੰ ਦਵਾਈ ਨਹੀ ਮਾਪਿਆ ਦੀਆ ਦੁਆਵਾ ਤੇ ਸਹਿਯੋਗ ਦੀ ਜਰੂਰਤ ਹੁੰਦੀ ਹੈ। ਸੋ ਦੋਸਤੋ ਜੇਕਰ ਤਲਾਕ ਜਿਹੀ ਘਾਤਕ ਸੱਮਸਿਆ ਤੋ ਬਚਣਾ ਚੁੰਹਦੇਹੋ ਤਾਂ ਪਤੀ,ਪਤਨੀ ਦੇ ਗੂੜੇ ਰਿਸ਼ਤੇ ਨੂੰ ਨਿਭਾਉਣ ਵਿੱਚ ਪ੍ਰਪੱਕਤਾ,ਵਫਾਦਾਰੀ,ਸਮਝਦਾਰੀ ,ਇਮਾਨਦਾਰੀ,ਸਹਿਣਸੀਲਤਾ ਬਣਾ ਕੇ ਰੱਖਣੀ ਪਵੇਗੀ।ਤੇ ਆਪਣੀ ਪਤਨੀ ਤੇ ਰਿਸਤੇਦਾਰਾ ਦਾ ਸਤਿਕਾਰ ਕਰਣਾ ਹੋਵੇਗਾ ਔਰ ਨੂੰਹ ਨੂੰ ਧੀਆਂ ਨਾਲੋ ਵੱਧ ਪਿਆਰ ਪਵੇਗਾ।ਕਿਉਕਿ ਔਰਤ ਨੂੰ ਦੇਣ ਵਾਲੇ ਤੋਹਫਿਆ ਵਿੱਚੋ ਸਭ ਤੋ ਕੀਮਤੀ ਤੌਹਫਾ ਔਰਤ ਦਾ ਸਤਿਕਾਰ ਕਰਨਾ ਹੈ ਜੀ।ਲੜਕਿਆ ਨੂੰ ਚਾਹੀਦਾ ਹੈ ਕਿ ਪਤਨੀ ਤੇ ਫਾਲਤੂ ਪਤੀ ਵਾਲਾ ਰੋਅਬ ਨਾ ਮਾਰਣ ਬਲਕਿ ਬਰਾਬਰ ਦਾ ਦਰਜਾ ਦੇਕੇ ਗੂੜੀ ਪ੍ਰੀਤ ਦੇ ਹੱਕਦਾਰ ਬਨਣ।ਜੋ ਤੁਹਾਡੇ ਲਈ ਤੁਹਾਡੀ ਪਤਨੀ ਕਰ ਸਕਦੀ ਹੈ ਬਾਹਰੋ ਕੋਈ ਵੀ ਐਸਾ ਇਨਸਾਨ ਨਹੀ ਮਿਲੇਗਾ ਜੋ ਸਵੇਰੇ ਤੋ ਸ਼ਾਮ ਤੱਕ ਤੁਹਾਡੇ ਘਰ ਦੇ ਕੰਮ ਕਰੇ,ਬੱਚੇ ਪਾਲੇ ਮਾਤਾ ਪਿਤਾ ਨੂੰ ਸੰਭਾਂਲੇ,ਤੇ ਜਿੰਮੇਵਾਰੀਆ ਦਾ ਸਾਰਾ ਬੋਝ ਆਪਣੇ ਸਿਰ ਲੈ ਲਵੇ।ਯਾਦ ਰੱਖੋ ਜੇਕਰ ਕੋਈ ਦੁੱਖ ਤਕਲੀਫ ਹੋਵੇਗੀ ਤਾਂ ਸਭ ਤੋ ਪਹਿਲਾ ਪਤਨੀ ਹੀ ਹੈ ਜੋ ਤੁਹਾਡਾ ਸਾਥ ਦੇਵੇਗੀ।ਕਦੇ ਵੀ ਆਪਣੇ ਜੀਵਣ ਵਿੱਚ ਐਸਾ ਕੰਮ ਨਾ ਕਰੋ ਜਿਸ ਨਾਲ ਤੁਸੀ ਆਪਣਿਆ ਦੀਆ ਨਜਰਾ ਚੋ ਗਿਰ ਜਾਵੋ।ਸੋ ਅਖੀਰ ਵਿੱਚ ਮੈ ਇਹੀ ਕਹਾਗੀ ਕਿ ਜੇਕਰ ਆਪਣੇ ਵਿਹੁਅਤਾ ਜੀਵਣ ਵਿੱਚ ਆਨੰਦ ਪ੍ਰਾਪਤ ਕਰਨਾ ਚੁੰਹਦੇ ਹੋ ਤਾਂ ਪਿਆਰ, ਮੁੱਹਬਤ, ਸਚਾਈ ,ਮਿਠਾਸ,ਵਫਾਦਾਰੀ ਜਿਹੇ ਗੁਣ ਆਪਣੇ ਪੱਲੂ ਨਾਲ ਬੰਨ ਕੇ ਰੱਖੋ ਤਾਂਕਿ ਤਲਾਕ ਜਿਹੀ ਘਾਤਕ,ਨਰਵਸ,ਬੇਸੁਵਾਦੀ ਤੇ ਇੱਕਲਤਾ ਭਰੀ ਜਿੰਦਗੀ ਤੋ ਬਚ ਸਕੀਏ ਐਸਾ ਕਰਕੇ ਜਿੰਦਗੀ ਵਿਚੋ ਤਲਾਕ ਜਿਹੀ ਸੱਮਸਿਆ ਤੋ ਬਚਿਆ ਜਾ ਸਕਦਾ ਹੈ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023




# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023




# ਪ੍ਰੀਤ ਫੁਲਵਾੜੀ

## ਅਲ.ਫਾਜ਼ ਦਿਲਾਂ ਦੇ...

1.ਕਦੇ ਹੱਸਦੇ ,ਕਦੇ ਰੌਂਦੇ
ਕਦੇ ਕੁਝ ਪਾ ਕੇ ਤੇ
ਕਦੇ ਕੁਝ ਖੋਅ ਲੈਂਦੇ ,
ਜ਼ਿੰਦਗੀ ਚਲਦੀ ਰਹਿੰਦੀ ,
ਬਹੁਤ ਕੁਝ ਸਹਿੰਦੀ।
2. ਹਵਾ ਦਾ ਚੱਲਣਾ ਤੇ ਪਾਣੀ ਦਾ ਵਗਣਾ ,
ਸਦਾ ਚਲਾਇਮਾਨਤਾ ਦਾ ਪ੍ਰਤੀਕ ਹੈ ,
ਜਦੋਂ ਕੋਈ ਰੁਕ ਜਾਂਦਾ ;
ਬੱਸ ਉਹ ਉੱਥੇ ਹੀ ਮੁੱਕ ਜਾਂਦਾ।
3.ਕਿਸੇ ਨੂੰ ਹਸਾਉਣ ਵਿੱਚ ਤੇ
ਰੁੱਸੇ ਨੂੰ ਮਨਾਉਣ ਵਿੱਚ ,
ਬਹੁਤ ਹੀ ਸਹੀ ਹੁੰਦਾ ,
ਕਿਸੇ ਚੰਗੇ ਨੂੰ ਵਡਿਆਉਣ ਵਿੱਚ।
4.ਰਸਤੇ ਦੀ ਦੂਰੀ ਤੇ
ਕਿਸੇ ਦੀ ਮਜ਼ਬੂਰੀ ,
ਹਰ ਕਿਸੇ ਲਈ ਨਹੀਂ ਹੁੰਦੀ ,
ਹਰ ਗੱਲ ਜ਼ਰੂਰੀ।
5.ਲਿਖਣਾ ਤਾਂ ਬਹੁਤ ਕੁਝ ਚਾਹੁੰਦੇ ਨੇ
ਪਰ ਲਿਖ ਉਹੀ ਹੁੰਦਾ ,
ਜੋ ਰੱਬ ਜੀ ਲਿਖਵਾਉਂਦੇ ਨੇ।
6.ਥੋੜ੍ਹਾ ਕਹਿ ਕੇ
ਥੋੜ੍ਹਾ ਸਹਿ ਕੇ ,
ਜੋ ਵਖਤ ਲੰਘਾ ਜਾਂਦੇ ਨੇ
ਥੋੜ੍ਹਾ ਕਿਸੇ ਕੋਲ ਬਹਿ ਕੇ
ਉਹੀ ਚੰਗੇ ਨੇ ,
ਬੱਸ ਉਹੀ ਚੰਗੇ ਨੇ।
7.ਸਭ ਕੁਝ ਸਹਿਣ ਤੋਂ ਬਾਅਦ
ਸਾਰਾ ਕੁਝ ਕਹਿਣ ਤੋਂ ਬਾਅਦ ,
ਫਿਰ ਬਾਕੀ ਰਹਿ ਹੀ ਕੀ ਜਾਂਦਾ ਹੈ ?
ਬੇਘਰ ਹੋ ਕੇ ਬਾਹਰ ਰਹਿਣ ਤੋਂ ਬਾਅਦ।
8.ਦਿਲਾਂ ਦੀਆਂ ਦਿਲਾਂ ਵਿੱਚ ਰੱਖ ਨਾ
ਲੋਭ - ਲਾਲਚ ਭ੍ਰਿਸ਼ਟਾਚਾਰ ਵਿੱਚ ਕੱਖ ਨਾ ,
ਕਮਾਈ ਹੁੰਦੀ ਜੋ ਇਮਾਨਦਾਰੀ ਦੀ
ਉਸ ਤੋਂ ਬਿਨ੍ਹਾਂ ਇੱਧਰ - ਉੱਧਰ ਤੱਕ ਨਾ।
9.ਜੋ ਖੈਰ ਮਨਾਵਣ ਸਭ ਦੀ
ਰੱਬ ਉਨ੍ਹਾਂ ਦਾ ਭਲਾ ਹੈ ਕਰਦਾ ,
ਜੋ ਮਿਹਨਤ ਕਰਦਾ ਡਟ ਕੇ
ਉਹ ਕਦੇ ਭੁੱਖਾ ਨਹੀਂ ਮਰਦਾ।
10.ਜਦੋਂ ਆਏ ਸੀ ਤੂਫ਼ਾਨ ਜ਼ਿੰਦਗੀ @ਚ
ਤਾਂ ਕਈ ਦੂਰ ਹੋ ਗਏ ਤੇ ਕਈ ਨਾਲ ਖੜ੍ਹ ਗਏ ,
ਰਿਸ਼ਤੇ ਨਿਭਾਉਣ @ਚ ਸੌ ਵਾਰ ਸੋਚੀਦਾ
ਹੁਣ ਜਿੱਥੇ ਖੜ੍ਹ ਗਏ ਤਾਂ ਸਮਝੋ ਅੜ ਗਏ।
11. ਸੌ ਵਾਰ ਜੋ ਸੋਚਦੇ ਸੀ
ਗੱਲ ਮੇਰੀ ਦਾ ਜੁਆਬ ਦੇਣ ਲਈ ,
ਅਸੀਂ ਹਜ਼ਾਰ ਵਾਰ ਸੋਚਣ ਲੱਗ ਪਏ ,
ਜੁਆਬ ਉਨ੍ਹਾਂ ਦੀ ਗੱਲ ਦਾ ਹੁਣ ਦੇਣ ਲਈ।
12.ਸਭ ਦੇਖ ਕੇ ਵੀ ਅਣਦੇਖਾ ਕਰਨਾ
ਦੁੱਖ ਜਾਣ ਕੇ ਵੀ ਪਾਸਾ ਧਰਨਾ,
ਬਹੁਤਾ ਚੰਗਾ ਨਹੀਂ ਹੁੰਦਾ
ਕਿਸੇ ਰੋਂਦੇ ਦਾ ਹਾਸਾ ਕਰਨਾ।
13.ਕਦੇ ਆਪਣਾ ਨਾ ਸਮਝਿਆ
ਜਿਹਨਾਂ ਨੇ ਕਦੇ ਸਾਨੂੰ ,
ਅੱਜ ਅਸੀਂ ਵੀ ਉਨ੍ਹਾਂ ਲਈ
ਬੇਗਾਨੇ ਹੋ ਗਏ ,
ਹੁਣ ਉਹ ਹੋਰ ਰਾਹ
ਤੇ ਅਸੀਂ ਹੋਰ ਰਾਹ ਪੈ ਗਏ।
14.ਉੱਜੜ ਗਏ ਉਹ ਅੱਜ
ਜਿਹੜੇ ਮੇਰੀ - ਮੇਰੀ ਕਰਦੇ ਸੀ ,
ਲੋਕਾਂ ਦੇ ਦਿਲਾਂ @ਚ ਵਸਦੇ ਨੇ ਉਹ
ਜਿਹੜੇ ਲੋਕਾਈ ਲਈ ਦੁੱਖ ਜਰਦੇ ਸੀ।
15.ਵਿਸਰ ਗਏ ਉਹ ਵੇਲੇ ਪੁਰਾਣੇ
ਵਿਸਰ ਗਈਆਂ ਉਹ ਬਾਤਾਂ ,
ਚੰਨ ਤੋਂ ਬਿਨਾਂ ਘੁੱਪ ਹਨੇਰਾ ,
ਚੰਨ ਨਾਲ਼ ਹੀ ਸੌਂਹਦੀਆਂ ਰਾਤਾਂ।

**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**( ਪ੍ਰਸਿੱਧ ਲੇਖਕ , ਸ੍ਰੀ ਅਨੰਦਪੁਰ ਸਾਹਿਬ )**
**ਸਾਹਿਤ ਵਿੱਚ ਕੀਤੇ ਕਾਰਜਾਂ ਲਈ ਲੇਖਕ ਦਾ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਹੈ।**
9478561356

## ਕਵਿਤਾ

ਗੁਰੂ ਨਾਨਕ ਜੀ, ਤੂੰ ਕੌਡੇ ਰਾਖਸ਼ ਨੂੰ ਸੱਚ ਦਾ ਮਾਰਗ ਦਰਸਾਇਆ ਸੀ।
ਸੱਜਣ ਠੱਗ ਨੂੰ ਵੀ ਕਿਰਤ ਕਰਨਾ ਤੇ ਵੰਡ ਛਕਣਾ ਸਿਖਾਇਆ ਸੀ।
ਪਰ ਤੇਰੇ ਜਾਣ ਪਿੱਛੋਂ ਗੁਰੂ ਜੀ, ਬੜਾ ਕੁੱਝ ਬਦਲ ਗਿਆ ਹੈ ਇੱਥੇ।
ਹੱਕ ਦੀ ਖਾਣ ਵਾਲਿਆਂ ਨੂੰ ਮਾਲਕ ਭਾਗੋ ਝੁਕਾ ਰਿਹਾ ਆਪਣੇ ਅੱਗੇ।
ਮੁੜ ਫਿਰ ਰਾਜਿਆਂ ਦੀਆਂ ਜਨਮ ਦਾਤੀਆਂ ਦਾ ਅਪਮਾਨ ਹੋ ਰਿਹਾ।
ਉਨ੍ਹਾਂ ਦਾ ਅਪਮਾਨ ਰੋਕਣ ਲਈ ਇੱਥੇ ਕੋਈ ਨਹੀਂ ਦਿਸ ਰਿਹਾ।
ਇਕ, ਦੂਜੇ ਨੂੰ ਦੱਸਣ ਲਈ ਨਾਮ ਤਾਂ ਬਥੇਰਾ ਜਪਿਆ ਜਾ ਰਿਹਾ।
ਪਰ ਨਿਮਰਤਾ, ਚੰਗਿਆਈ ਤੇ ਸਦਾਚਾਰ ਨੂੰ ਭੁਲਾਇਆ ਜਾ ਰਿਹਾ।
ਵੱਖ, ਵੱਖ ਧਰਮਾਂ ਵਾਲੇ ਇਕ, ਦੂਜੇ ਦੀ ਜਾਨ ਦੇ ਵੈਰੀ ਬਣ ਗਏ ਨੇ।
ਉਹ ਇਕ, ਦੂਜੇ ਦੇ ਧਰਮ ਗ੍ਰੰਥਾਂ ਨੂੰ ਟਿੱਚ ਸਮਝਣ ਲੱਗ ਪਏ ਨੇ।
ਜ਼ਾਲਮਾਂ, ਪਾਪੀਆਂ ਤੇ ਝੂਠਿਆਂ ਨੂੰ ਸਿਰ ਤੇ ਚੁੱਕਿਆ ਜਾ ਰਿਹਾ।
ਰਹਿਮ-ਦਿਲਾਂ, ਈਮਾਨਦਾਰਾਂ ਤੇ ਸੱਚਿਆਂ ਨੂੰ ਖੂੰਜੇ ਲਾਇਆ ਜਾ ਰਿਹਾ।
ਕਿਰਤ ਕਰੋ ਤੇ ਵੰਡ ਛਕੋ ਦੇ ਸਿਧਾਂਤ ਹੋ ਗਏ ਬਹੁਤ ਪੁਰਾਣੇ।
ਗਰੀਬਾਂ ਨੂੰ ਲੁੱਟ ਕੇ ਧਨ,ਦੌਲਤ ਕੱਠੀ ਕਰਨੀ ਜ਼ੋਰਾਵਰ ਜਾਣੇ।
ਤੇਰੇ ਦਰਸਾਏ ਰਸਤੇ ਤੇ ਜੇਕਰ ਚੱਲਿਆ ਨਾ ਹੁਣ ਵੀ ਮਨੁੱਖ,
ਬਣੇਗੀ ਨਰਕ ਜ਼ਿੰਦਗੀ, ਨਾ ਕੋਈ ਉਸ ਨੂੰ ਮਿਲਣਾ ਸੁੱਖ।

**ਮਹਿੰਦਰ ਸਿੰਘ ਮਾਨ ਕੈਨਾਲ ਰੋਡ**
**ਫੋਨ** 9915803554

## ਕਵਿਤਾ

### ਪਾਣੀ ਨਹਿਰਾਂ ਚ-2

ਪਾਣੀ ਨਹਿਰਾਂ ਚ ਘੱਟਿਆ ਏ,
ਇੱਕ ਤੇਰਾ ਹੀ ਨਾਮ ਨੈਣ ਜੋਤੀਏ,
ਜ਼ਿੰਦਗੀ ਸਾਰੀ ਰੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਕਦੇ ਫ਼ਿਕਰਾਂ,ਕਦੇ ਯਾਦਾਂ ਤੇਰੀਆਂ,
ਰੱਜ ਰੱਜ ਦਿਮਾਗ਼ ਚੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਕੀ ਗੱਲ ਹੋਈ ਨੈਣ ਜੋਤੀਏ,
ਕਿਹੜੀ ਗੱਲੋਂ ਪੱਤਾ ਕੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਤੇਰੇ ਪਿੱਛੇ ਕਈ ਮੂਰਖਾਂ ਨੇ,
ਘਰ ਆਪਣਾ ਹੀ ਪੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਪੈ ਤੇਰੇ ਚੱਕਰਾਂ ਚ ਕਈਆਂ ,
ਕਦੇ ਕੁਝ ਨਾ ਖੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਬੇਸ਼ੱਕ ਛੱਡ ਦਿੱਤਾ ਸੰਗਰੂਰਵੀ ਨੂੰ,
ਓ ਤਾਂ ਹਾਲੇ ਵੀ ਡੱਟਿਆ ਏ।

**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ, ਸੰਗਰੂਰ।**
9463162463

## ਕਿਰਦਾਰ

ਆਪਣੀਆਂ ਕਮੀਆਂ ਲਿਖਣ ਲੱਗਿਆ ਕਲਮ ਕਿਉਂ ਰੁਕ ਜਾਂਦੀ
ਗੱਲਾਂ ਬਹੁਤ ਸਾਇਰ ਲਿਖਦੇ ਕਾਸ ਕਦੇ ਆਪਣੇ ਤੇ ਢੁਕ ਜਾਂਦੀ
ਹਰ ਕੋਈ ਸੋਚਦਾ ਸਾਡੇ ਲਈ ਇਹਦਾ ਕਿਰਦਾਰ ਕਿੱਦਾਂ ਦਾ ਹੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਅੰਦਰੋਂ ਅਸੀਂ ਚਲਾਕ ਬੜੇ ਪਰ ਚਿਹਰੇ ਦੇਖਣ ਨੂੰ ਭੋਲੇ ਨੇ
ਚਿੱਟੇ ਕੱਪੜੇ ਪਾ ਦੁਕਾਨੇਂ ਤੁਰ ਜਾਈਏ ਕਾਲੇ ਕਰਨੇ ਕੋਲੇ ਨੇ
ਬੇਗਾਨਾ ਕੋਈ ਪਹੁੰਚ ਨਾ ਸਕੇ ਆਪਣਾ ਜਰੂਰ ਟੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਕਾਹਦੇ ਮਾਨ ਦੋਲਤ ਸੋਹਰਤ ਦੇ ਸਭ ਕੁੱਝ ਛੱਡ ਟੁਰ ਜਾਣਾ
ਅਸੀਂ ਪਤਾਸੇ ਮਿੱਠੇ ਜਿਹੇ ਪਾਣੀ ਦੇ ਵਹਾਉ ਵਿੱਚ ਖੁਰ ਜਾਣਾ
ਇਹ ਕੱਚੀ ਮਿੱਟੀ ਦਾ ਕੋਠਾ ਹੈ ਮੀਂਹ ਵਿੱਚ ਚੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਲਿਖਦਿਆਂ ਲਿਖਦਿਆਂ ਕਵੀ ਦਰਦ ਬਿਆਨ ਕਰ ਜਾਂਦੇ
ਜਿ਼ੰਦਗੀ ਦੀ ਬਾਜੀ ਨੂੰ ਜਿੱਤਦਿਆਂ ਜਿੱਤਦਿਆਂ ਹਰ ਜਾਂਦੇ
ਸੁਖਚੈਨ,ਅਰਥੀ ਮੋਢੇ ਚੱਕ ਹੋਣੀ ਹਰ ਕੋਈ ਪਿੱਛੇ ਖਲੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।

**ਸਾਇਰ ਸੁਖਚੈਨ ਸਿੰਘ,ਠੱਠੀ ਭਾਈ,**
00971527632924

## (ਧਰਤੀ ਨਨਕਾਣੇ ਦੀ)

ਨਾਨਕ ਜੋਤਿ ਨਿਰੰਕਾਰ ਦੀ,
ਵਿੱਚ ਦੁਨੀਆਂ ਆਈ।
ਧਰਤੀ ਨਨਕਾਣੇ ਸਾਹਿਬ ਦੀ
ਹੋਈ ਜਿੱਥੇ ਰੁਸ਼ਨਾਈ।
ਉਸ ਮਾਂ ਤ੍ਰਿਪਤਾ ਦੀ ਕੁੱਖ ਨੂੰ,
ਸੀ ਭਾਗ ਅੱਜ ਲਾਏ।
ਸਭ ਦੇਣ ਵਧਾਈਆਂ ਚੱਲ ਕੇ,
ਘਰ ਮਹਿਤੇ ਦੇ ਆਏ।
ਭੈਣ ਨਾਨਕੀ ਦਾ ਵੀਰ ਸੀ,
ਉਹ ਖੁਸ਼ੀ ਮਨਾਵੇ।
ਵੀਰ ਵੀਰ ਜਦ ਸੀ ਆਖਦੀ,
ਵੀਰਾਂ ਝੱਟ ਆ ਜਾਵੇ।
ਦੁਖੀਆਂ ਦਾ ਦਰਦੀ ਆ ਗਿਆ,
ਅੱਜ ਬਣ ਸਹਾਰਾ।
ਜਿਸ ਬਾਂਹ ਫੜੀ ਮਜ਼ਲੂਮਾਂ ਦੀ,
ਕੀਤਾ ਪਾਰ ਉਤਾਰਾ।
ਉਮਰ ਛੋਟੀ, ਕੌਤਕ ਵੱਡੇ ਸੀ,
ਉਹਨਾਂ ਕਰ ਦਿਖਾਏ।
ਸਿਧ ਨਾਥ ਜੋਗੀ ਜਪੀ ਤਪੀ,
ਬਾਬੇ ਸਭ ਪੈਰੀਂ ਪਾਏ।
ਸਭ ਕਹਿਣ ਇਹ ਬਾਲ ਨਹੀਂ,
ਖ਼ੁਦਾ ਰੂਪ ਹੈ ਆਇਆ।
ਵੱਡੇ ਵੱਡੇ ਹੰਕਾਰੀਆਂ ਦਾ ਸੀ,
ਮਾਣ ਮਿਟਾਇਆ।
ਉਨੇ ਤਾਰੇ ਵਿੱਚ ਅਕਾਸ਼ ਨਹੀਂ,
ਜਿੰਨੇ ਬਾਬੇ ਨੇ ਤਾਰੇ।
ਤੇਰੀ ਨਾਨਕ ਵੱਡੀ ਕਮਾਈ ਹੈ,
ਰਲ ਆਖਣ ਸਾਰੇ।
ਕੀ ਸਿਫ਼ਤ ਲਿਖਾਂ ਤੇਰੀ ਦਾਤਿਆ,
ਮੈਥੋਂ ਲਿਖ ਨਾ ਹੋਵੇ।
ਜਿੰਨੀ ਸਮਝ ,ਪੱਤੋ, ਨੂੰ ਬਖਸ਼ਤੀ,
ਉਹ ਅੱਖਰਾਂ ਵਿੱਚ ਪਰੋਵੇ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ ਫੋਨ ਨੰਬਰ**
9465821417

## ਖ਼ਿਆਲਾਂ ਦੀ ਪਰਵਾਜ਼

ਕੋਈ ਅਜੇ ਤੱਕ ਜਾਣ ਨਾ ਸਕਿਆ,
ਦਿਲ ਮੇਰੇ ਦਾ ਰਾਜ਼।
ਏਨੀ ਉੱਚੀ-ਸੁੱਚੀ ਮੇਰੇ,
ਖ਼ਿਆਲਾਂ ਦੀ ਪਰਵਾਜ਼।
ਸਭ ਨੂੰ ਹੁੰਦੈ ਘਰ ਆਪਣੇ ਦੇ,
ਜੀਆਂ ਉੱਤੇ ਨਾਜ਼।
ਕੋਈ ਪਾਲਦਾ ਤੋਤੇ, ਬਿੱਲੀਆਂ,
ਕਿਸੇ ਨੂੰ ਸੋਂਹਦਾ ਬਾਜ਼।
ਲੈਅ-ਤਾਨਾਂ ਚੋਂ ਗੂੰਜਣ ਨਗਮੇ,
ਸੁਰ ਹੋਵੇ ਜਦ ਸਾਜ਼।
ਬੋਲ ਅਗੰਮੀ, ਨਾਦ ਇਲਾਹੀ,
ਖ਼ਾਸਮ-ਖ਼ਾਸ ਅੰਦਾਜ਼।
ਦਿਲ ਚੋਂ ਨਿਕਲੀ ਸੁਣਦੈ ਹਰਦਮ,
ਪ੍ਰਭੂ ਸਾਡੀ ਆਵਾਜ਼।
ਭਵਸਾਗਰ ਤੋਂ ਪਾਰ ਕਰੇਂਦਾ,
ਨਾਨਕ ਨਾਮ ਜਹਾਜ਼।

**ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151203 (ਬਠਿੰਡਾ)** 9417692015.

## ਮਾਂ

ਕੀ ਲਿਖਾਂ ਮੈਂ ਮਾਂ ਦੇ ਬਾਰੇ
ਬੱਚਿਆਂ ਦੇ ਦੁੱਖ ਸਹਿੰਦੀ ਸਾਰੇ
ਰੋਂਦਿਆਂ ਤਾਈਂ ਚੁੱਪ ਕਰਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਮਾਂ ਦਾ ਰੁਤਬਾ ਰੱਬ ਬਰਾਬਰ
ਪਾਣੀ ਦੇ ਜਿਵੇਂ ਵਹਿੰਦੇ ਸਾਗਰ
ਖਲਕਤ ਸਾਰੀ ਵਿੱਚ ਕਲਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਮਾਂ ਦੁੱਖਾਂ ਤੇ ਦਰਦਾਂ ਦੀ ਦਾਰੂ
ਸਭ ਦੇ ਉੱਪਰ ਰਹਿੰਦੀ ਭਾਰੂ
ਬੱਚਾ ਗਿੱਲੇ ਤੋਂ ਸੁੱਕੇ ਥਾਂ ਪਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਹਰ ਥਾਂ ਕਰੇ ਹਿਫਾਜਤ ਪੂਰੀ
ਜੀਵਨ ਵਿੱਚ ਸਫਲ ਹੈ ਪੂਰੀ
ਉਹੀਉ ਦੇਵੇ ਜੋ ਬੱਚਾ ਚਾਵੇਂ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।

**ਸੁਖਚੈਨ ਸਿੰਘ, ਠੱਠੀ ਭਾਈ,**
00971527632924

## ਗੀਤ

ਅੱਜ ਵੀ ਪਹੁੰਚਾਂ,
ਜੇਕਰ ਮੈਂ ਉਸ ਮੌੜ ਤੇ।
ਹੁਣ ਦੇਖਣ ਕਦੇ ਨਾ,
ਆਉਂਦੀ ਏ ਓ ਦੌੜ ਕੇ।
1.ਆਸ ਜਿਹੀ ਇੱਕ,
ਦਿਲ ਵਿੱਚ ਰੱਖ ਕੇ,
ਨਿੱਤ ਗਲੀ ਉਸ ਜਾਵਾਂ।
ਦਿਨ ਕਿਸੇ ਕਦੇ ਤਾਂ,
ਓ ਤਾਂ ਟਕਰੇਗੀ,
ਖੜ੍ਹ ਰਾਹਾਂ ਵਿਚ ਗਾਵਾਂ।
ਸ਼ਾਇਦ ਕਦੇ ਤਾਂ ਕਰਨਾ,
ਕਰਨਾ ਉਸ ਗ਼ੌਰ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ .........
2.ਖੜ੍ਹਾਂ ਕਦੇ ਬੈਂਕ ਬਾਹਰ,
ਕਦੇ ਦਫ਼ਤਰ ਪਨਸਪ ਕੋਲ।
ਕਿਸੇ ਦਿਨ ਤਾਂ ਲੰਘਣਗੇ,
ਸ਼ਾਇਦ ਕਦੇ ਪੈਣਗੇ ਕੰਨੀਂ ਬੋਲ।
ਪਤਾ ਨਹੀਂ ਕਿੱਥੇ ਛੂ ਮੰਤਰ ਹੋ ਕੇ,
ਕੀਤੀ ਨਾਲ ਮੇਰੇ ਚੌੜ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ .. ....
3. ਅੱਜ ਵੀ ਜਾਂਦਾ ਮੈਂ ਤਾਂ,
ਨਾਲ ਸ਼ੌਕੀਨੀ ਸੱਜ ਧੱਜ ਕੇ।
ਸ਼ਾਇਦ ਬਾਗ਼ ਬਨਾਸਰ ਮਿਲ ਜਾਵੇ,
ਚਾਹਾਂ ਦੇਖਣਾਂ ਜਿਸਨੂੰ ਰੱਜ ਰੱਜ ਕੇ।
ਜ਼ਿੰਦਗੀ ਮੇਰੀ ਵਿੱਚ ਜਿਸਦੀ,
ਅੱਜ ਵੀ ਥੌੜ੍ਹ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ.......
4.ਅੱਜ ਵੀ ਜਾਂਦਾ ਦਰ ਉਸਦੇ,
ਨਾਗਾ ਨਾ ਕੋਈ ਪਾਇਆ।
ਭੁੱਲਗੀ ਹੋਣੀ ਸ਼ਾਇਦ ਮੈਨੂੰ,
ਨਾ ਨੈਣ ਜੋਤੀ ਨੂੰ ਮੈਂ ਭੁੱਲਾਇਆ।
ਆਉਣਾ ਉਸ ਉਸ ਵੇਲੇ ਸੰਗਰੂਰਵੀ,
ਜਦੋਂ ਪੈਣੀ ਮੇਰੀ ਲੋੜ੍ਹ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ.......

**ਸਰਬਜੀਤ ਸੰਗਰੂਰਵੀ** 9463162463

## ਜਖਮ....

ਜਖਮ ਜਿਹੜੇ ਹੋਏ ਅੰਦਰ,
ਉਹ ਹੌਲੀ ਹੌਲੀ ਰਿੱਸਦੇ ਨੇ।
ਫੋੜਿਆਂ ਵਾਂਗੂੰ ਧੁੱਖਦੇ ਰਹਿੰਦੇ,
ਹੱਥ ਲਾਇਆਂ ਵੀ ਫਿੱਸਦੇ ਨੇ।
ਆਪੋ-ਆਪਣੇ ਹਰ ਕੋਈ ਜਾਣੇ,
ਗਮ ਕਿੰਨੇ ਹਿੱਸੇ ਕਿੱਸਦੇ ਨੇ।
ਹਾਸਿਆਂ ਉੱਤੇ ਕਬਜਾ ਕਾਹਦਾ,
ਸਾਂਭੇ ਜਿਹੜਾ ਬੱਸ ਤਿੱਸਦੇ ਨੇ।
ਸੂਲਾਂ ਉੱਤੇ ਜਨਮ ਜਿਨ੍ਹਾਂ ਦਾ,
ਕੰਡਿਆਂ ਉੱਪਰ ਘਿੱਸਦੇ ਨੇ।
ਕੌਣ ਜਾਣੇ ਇਹ ਭੇਤ ਵੇ ਸੱਜਣਾਂ,
ਕਿੰਝ ਫੁੱਲ ਖਿੜੇ ਹੋਏ ਦਿੱਸਦੇ ਨੇ ?
ਕਣਕ ਨਾਲ ਘੁਣ ਵਾਂਗਰਾਂ,
ਕਈ ਨਿੱਤ ਦਿਹਾੜੀ ਪਿੱਸਦੇ ਨੇ।
ਪੁੱਛੇ ਕੌਣ ਭਲਾ ਦੱਸੋ ਬਈ,
ਹੱਕ ਕਿੱਥੇ ਗੁਆਚੇ ਇਸਦੇ ਨੇ ?
ਹੱਕ ਕਿੱਥੇ ਗੁਆਚੇ ਇਸਦੇ ਨੇ ?

**ਮਨਜੀਤ ਕੌਰ ਧੀਮਾਨ**
**ਸੰ:**9464633059

## ਮਾਵਾਂ

ਜੰਨਤ ਦੇ ਵੱਲ ਜਾਂਦੀਆਂ ਇਹਨਾਂ ਰਾਹਵਾਂ ਨੂੰ
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ
ਦੁੱਖਾਂ ਦਰਦਾਂ ਵਾਲੀਆਂ ਭਾਰੀਆਂ ਪੰਡਾਂ ਇਹ
ਦਿਲ ਨੂੰ ਦੇ ਕੇ ਰੱਖਣ ਪੱਕੀਆਂ ਗੰਡਾਂ ਇਹ
ਤਰਸਣ ਧੀਆਂ ਪੁੱਤਰ ਭੈਣ ਭਰਾਵਾਂ ਨੂੰ
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ
ਬੇਸ਼ੱਕ ਬਿਰਧ ਆਸ਼ਰਮ ਦੇ ਵਿਚ ਛੱਡ ਦਿੱਤਾ
ਆਪਣੇ ਵੱਲੋਂ ਮਾਂ ਦਾ ਫਾਹਾ ਵੱਢ ਦਿੱਤਾ
ਝੂਰੋਗੇ ਇਹਨਾਂ ਹੱਥੀਂ ਕਰੇ ਗੁਨਾਹਵਾਂ ਨੂੰ
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ
ਪੁੱਤ ਜਵਾਨ ਜੇ ਤੋਰਨੇ ਪੈਂਦੇ ਮਾਵਾਂ ਨੂੰ
ਹੱਥੀਂ ਲਾਂਬੂ ਲਾਉਂਦੀਆਂ ਆਪਣੇ ਚਾਵਾਂ ਨੂੰ
ਬੇਦੋਸ਼ੇ ਹੀ ਮਿਲੀਆਂ ਸਖ਼ਤ ਸਜ਼ਾਵਾਂ ਨੂੰ
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ

**- ਡਾ. ਆਤਮਾ ਸਿੰਘ ਗਿੱਲ**
9878883680

## ਕੁਦਰਤ

ਬੱਸ ਵਿੱਚ ਜਾਂਦੇ ਦੇਖ ਰਿਹਾ ਸੀ
ਧੁੱਪ ਦਾ ਸੇਕਾ ਸੇਕ ਰਿਹਾ ਸੀ
ਟਾਂਵਾਂ ਟਾਂਵਾਂ ਰੁੱਖ ਸੀ ਕੋਈ
ਖੰਭਿਆਂ ਨੇ ਸੀ ਧਰਤ ਲਕੋਈ
ਸੋਚਿਆ ਪੰਛੀ ਕਿੱਥੇ ਹੋਣੇ ?
ਗਰਮੀ ਵਿੱਚ ਮਰ ਮੁੱਕਗੇ ਹੋਣੇ
ਨਾ ਪਾਣੀ ਨਾ ਛਾਂ ਹੈ ਦਿਖਦੀ
ਧਰਤੀ ਬੰਦੇ ਨੂੰ ਮਾਂ ਨਾ ਦਿਖਦੀ
ਚੱਪਾ ਚੱਪਾ ਸਾੜ ਦਿੱਤਾ
ਕੁਦਰਤ ਦਾ ਘਰ ਉਜਾੜ ਦਿੱਤਾ
'ਕਲੇਰ' ਭੁਗਤਣੀ ਪੈਣੀ ਬੰਦੇ ਨੂੰ
ਖੁਦ ਪੈਰੀਂ ਕੁਹਾੜਾ ਮਾਰ ਲੀਤਾ।

**ਹੰਸ ਕਲੇਰ 'ਦੁਗਾਲ'**

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 228

Website: www.preetnama.com Email preetnamausa@gmail.com

01 DEC TO 07 DEC, 2023

